ਬਾਬ-49ੳ

# ਕਰਤਾਰਪੁਰ ਦੇ ਕੌਤਕ। ਭਾਗ-2

## ਅਜਿਤੇ ਦੇ ਪ੍ਰਸ਼ਨਾਂ ਨੇ ਕੀਤਾ ਬਾਬਾ ਪ੍ਰਸੰਨ ਅਤੇ ਕਲਾਨੌਰ ਦਾ ਕੋੜ੍ਹੀਆ



ਪੱਖੋਕਿਆਂ ਦੇ ਅਜਿਤੇ ਰੰਧਾਵੇ ਨਾਲ ਗੁਰੂ ਸਾਹਿਬ ਦੀ ਪੁਰਾਣੀ ਵਾਕਫੀਅਤ ਸੀ। ਅਜਿਤੇ ਦਾ ਪਿਤਾ ਹਿੱਤਾ ਗੁਰੂ ਸਾਹਿਬ ਦੇ ਵਿਆਹ ਮੌਕੇ ਇੰਤਜਾਮੀਆਂ ਵਜੋਂ ਹਾਜਰ ਸੀ। ਪਿਤਾ ਦੇ ਗੁਜਰ ਜਾਣ ਤੋਂ ਬਾਦ ਇਲਾਕੇ ਦਾ ਚੌਧਰੀ ਅਜਿਤਾ ਬਣਿਆ। ਸਰਕਾਰੇ ਦਰਬਾਰੇ ਉਨੂੰ ਗੱਲ ਕਰਨ ਦਾ ਚੱਜ ਆ ਚੁੱਕਾ ਸੀ।

ਕਿਉਂਕਿ ਦੋਦੇ ਦੇ ਲਾਗੇ ਗੁਰੂ ਸਾਹਿਬ ਦੇ ਡੇਰੇ ਤੇ ਰੋਜ ਹਜਾਰਾਂ ਲੋਕ ਪਹੁੰਚ ਰਹੇ ਸਨ ਤੇ ਇੱਕ ਤਰਾਂ ਨਾਲ ਮੇਲਾ ਲੱਗਾ ਰਹਿੰਦਾ ਸੀ। ਲੰਗਰ ਪਾਣੀ ਦਾ ਪ੍ਰਬੰਧ ਸੀ। ਹਰ ਕੋਈ ਭਰੀ ਸਭਾ ਵਿੱਚ ਬੋਲ ਨਹੀ ਸਕਦਾ। ਫਿਰ ਜਦੋਂ ਗੁਰੂ ਸਾਹਿਬ ਸੰਗਤ ਵਿੱਚ ਵਿਖਿਆਨ ਕਰਦੇ ਤਾਂ ਇਹ ਅਜਿਤਾ ਰੰਧਾਵਾ ਸੀ ਜੋ ਗੁਰੂ ਸਾਹਿਬ ਕੋਲੋ ਸਵਾਲ ਪੁੱਛਦਾ।

ਅਜਿਤੇ ਰੰਧਾਵੇ ਦੇ ਪ੍ਰਸ਼ਨ ਭਾਈ ਸੂਰਤ ਸਿੰਘ ਨੇ ਲਿਖੇ ਸਨ ਜੋ ਰੂਹਾਨੀਅਤ ਪੱਖੋ ਰੋਸ਼ਨੀ ਪਾਉਦੇ ਹਨ। ਇਹ ਗੋਸ਼ਟੀਆਂ ਵੱਖ ਵੱਖ ਸਮਿਆਂ ਤੇ ਹੋਈਆਂ ਹੋਣਗੀਆਂ। ਹੇਠਾਂ ਕੁਝ ਇੱਕ ਅਜਿਤੇ ਤੇ ਪ੍ਰਸ਼ਨ■:-

### 1.ਬਾਬਾ ਤੇਰਾ ਅਸਲੀ ਰੂਪ ਕੀ ਹੈ?- ਅਜਿਤਾ

ਅਜਿਤਾ ਕਹਿਣ ਲੱਗਾ ਗੁਰੂ ਸਾਹਿਬ ਅਸੀ ਤੁਹਾਨੂੰ ਵੱਖਰੇ ਵੱਖਰੇ ਰੂਪਾਂ ਵਿੱਚ ਵੇਖਦੇ ਹਾਂ। ਕਦੀ ਤੁਸੀ ਕੁਝ ਨਜਰ ਆਉਦੇ ਹੋ ਕਦੀ ਕੁਝ। ਕਦੀ ਤੁਸੀ ਬਾਦਸ਼ਾਹਾਂ ਨਾਲ ਗੱਲ ਬਾਤ ਕਰ ਰਹੇ ਹੁੰਦੇ ਹੋ, ਕਦੀ ਸੰਤਾਂ ਦੀ ਮੰਡਲੀ ਵਿੱਚ ਸੰਤ ਲੱਗਦੇ ਹੋ, ਕਦੀ ਤੁਸੀ ਮੌਲਵੀਆਂ ਦੀ ਸੰਗਤ ਵਿੱਚ ਮੌਲਵੀ ਦਿਸਦੇ ਹੋ। ਬ੍ਰਾਹਮਣਾਂ 'ਚ ਬੈਠੇ ਤੁਸੀ ਬ੍ਰਾਹਮਣ ਜਿਹੇ ਲੱਗਦੇ ਹੋ। ਬਾਬਾ ਜੀ ਸਾਡਾ ਤਾਂ ਸਿਰ ਚਕ੍ਰਾਅ ਜਾਂਦਾ ਹੈ ਕਿਉਕਿ ਕਦੀ ਤੁਸੀ ਧਾਣਕ (ਸਾਂਸੀ) ਬਣ ਸ਼ਿਕਾਰ ਤੇ ਨਿਕਲਦੇ ਹੋ। ਕਦੀ ਤੁਸੀ ਆਪਣੇ ਆਪ ਨੂੰ ਨੀਚਾਂ ਤੋਂ ਵੀ ਨੀਚ ਸਦਾਉਂਦੇ ਹੋ। ਸਾਨੂੰ ਮਹਿਤਾ ਕਾਲੂ ਦਾ ਪੁੱਤ੍ਰ ਜਾਂ ਚੋਣੀ ਦਾ ਪਤੀ ਜਾਂ ਲਖਮੀ ਚੰਦ ਦਾ ਪਿਤਾ ਕਦੀ ਘੱਟ ਹੀ ਨਜਰ ਆਉਦਾ ਹੈ।

ਸੋ ਗੁਰੂ ਜੀ ਤੁਹਾਡਾ ਅਸਲ ਸਰੂਪ ਕੀ ਹੈ?

ਗੁਰੂ ਜੀ ਨੇ ਸੰਗਤ ਨੂੰ ਸਮਝਾਇਆ ਕਿ ਗੁਰੂ ਦਾ ਸਰੂਪ ਜਾਂ ਸਰੀਰ ਤਾਂ ਇੱਕ ਸਾਧਨ ਹੈ ਜਿਸ ਰਾਂਹੀ ਨਿਰੰਕਾਰ ਦੀ ਬਾਣੀ ਤੁਹਾਡੇ ਤੱਕ ਪਹੁੰਚ ਰਹੀ ਹੈ। ਇਹ ਸਰੀਰ ਤਾਂ ਨਾਸਵਾਨ ਹੁੰਦੇ ਹਨ। ਮੇਰਾ ਅਸਲ ਸਰੂਪ ਸ਼ਬਦ (means of communication by language) ਹੈ। ਸ਼ਬਦ ਨਿਰਅਕਾਰ ਹੈ। ਉਹ ਜਨਮ ਮਰਨ ਤੋਂ ਉਪਰ ਹੈ।

ਗੁਰੂ ਸਾਹਿਬ ਦੇ ਇਸ਼ਾਰੇ ਤੇ ਮਰਦਾਨਾ ਸੁਚੇਤ ਹੋਇਆ। ਸਾਹਿਬ ਨੇ ਸਬਦ ਗਾਵਿਆ:-

ਸਿਰੀਰਾਗੁ ਮਹਲੁ ੧ ॥ ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥ ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥ ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥ ਭਾਈ ਰੇ ਸੰਤ ਜਨਾ ਕੀ ਰੇਣੁ ॥ ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥੧॥ ਰਹਾਉ ॥ ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥ ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥ ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥ ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥ ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥ ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥ ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ ॥ ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥ ਨਾਨਕ ਦੇਖਿ

ਪੈੜ ਸਰੋਤ

■ ਬੀ:40- 100 ਅਤੇ ਜਵਾਹਰ- 403 ਤੋਂ 428

ਇਤਹਾਸਿਕ ਕਿਤਾਬਾਂ ਵਿੱਚੋਂ ਮਿਲਦੇ ਅਜਿਤੇ ਰੰਧਾਵੇ ਦੇ ਕੀਤੇ ਹੋਏ ਪ੍ਰਸ਼ਨ, 18ਵੀ ਸਦੀ ਦੇ ਲਿਖੇ ਲੱਗਦੇ ਹਨ, ਜੋ ਰੂਹਾਨੀਅਤ ਪੱਖੋ ਰੋਸ਼ਨੀ ਪਾਉਦੇ ਹਨ। ਅਜਿਤੇ ਦੇ ਸਵਾਲ ਬੀ-40 ਵਿਚ ਵੀ ਹਨ। ਪਰ ਅਸਾਂ ਉਕਤ ਜਵਾਹਰ ਨੂੰ ਅਧਾਰ ਬਣਾਇਆ ਹੈ। ਇਹ ਗੋਸ਼ਟੀਆਂ ਵੱਖ ਵੱਖ ਸਮਿਆਂ ਤੇ ਭਾਵ 1512 ਤੋਂ 1539 ਈ ਦਰਮਿਆਨ ਹੋਈਆਂ ਹੋਣਗੀਆਂ।

ਫਿਰ ਇਥੇ ਜਨਮ ਸਾਖੀਆਂ ਵਿੱਚ ਜੋ ਬਾਣੀ ਦਿੱਤੀ ਗਈ ਹੈ ਉਸ ਬਾਬਤ ਵੇਖਿਆ ਗਇਆ ਕਿ ਉਹ ਬਹੁਤੀ ਥਾਂਈ ਪਹਿਲੀ ਪਾਤਸ਼ਾਹੀ ਦੀ ਬਾਣੀ ਨਹੀ ਹੈ। ਇਸ ਕਰਕੇ ਢੁੱਕਵੀ ਬਾਣੀ ਲੱਭ ਕੇ ਦੇ ਦਿੱਤੀ ਗਈ ਹੈ।

ਬੀ:40 ਨੇ ਗੁਰੂ ਸਾਹਿਬ ਨਾਲ ਅਜਿਤੇ ਦੀਆਂ ਦੋ ਤਸਵੀਰਾਂ ਦਿੱਤੀਆਂ; ਇਕ ਵਿਚ ਦਾਹੜੀ ਕਾਲੀ ਹੈ ਅਤੇ ਦੂਸਰੇ ਵਿਚ ਚਿੱਟੀ।(ਭਾਵ ਤਰਤੀਬਵਾਰ 1518 ਈ ਅਤੇ 1538-39ਈ.) ਬੜੀ ਹੈਰਾਨੀ ਦੀ ਗਲ, ਡੇਰਾ ਬਾਬਾ ਨਾਨਕ ਦੇ ਕੁਝ ਰੰਧਾਵਾ ਪ੍ਰਵਾਰਾਂ ਦੇ ਬਜੁਰਗ ਬੰਦਿਆਂ ਦੀ ਸ਼ਕਲ ਅਜਿੱਤੇ ਦੀ ਇਸ ਤਸਵੀਰ ਨਾਲ ਬਹੁਤ ਮੇਲ ਖਾਂਦੀ ਹੈ।

**ਦਿਖਾਈਐ ਹਉ ਸਦ ਬਲਿਹਾਰੈ ਜਾਸੁ ॥੪॥**

ਗੁਰੂ ਸਾਹਿਬ ਨੇ ਸਮਝਾਇਆ ਕਿ ਨਿਰੰਕਾਰ ਦੀ ਅਰਾਧਨਾ ਸਿਰਫ ਤੇ ਸਿਰਫ ਨਾਮ ਭਾਵ ਉਹਦੀ ਸਿਫਤ ਸਲਾਹ ਜਾਂ ਉਸਤਤ ਹੈ। ਉਹ ਉਸਤਤ ਬੋਲ ਕੇ, ਸੋਚ ਕੇ, ਵਿਚਾਰ ਕੇ, ਖੋਜ ਕਰਕੇ, ਗੀਤ ਗਾ ਕੇ ਕੀਤੀ ਜਾ ਸਕਦੀ ਹੈ। ਸਾਹਿਬ ਨੇ ਸਮਝਾਇਆ ਕਿ ਮੇਰੇ ਕਹੇ ਸ਼ਬਦ ਓਦੋਂ ਵੀ ਮੌਜੂਦ ਹੋਣਗੇ ਜਦੋਂ ਇਹ ਸਰੀਰ ਤੁਸੀ ਨਹੀ ਵੇਖ ਸਕੋਗੇ।

ਸੋ ਰੂਪ ਦੀ ਅਹਿਮੀਅਤ ਨਹੀ ਹੈ। ਮਹੱਤਵਪੂਰਨ ਹੈ; ਸ਼ਬਦ। ਸੋ ਸ਼ਬਦ ਹੀ ਗੁਰੂ ਹੈ। ਸਬਦ ਹੀ ਮੇਰਾ ਅਸਲ ਸਰੂਪ ਹੈ।

-----◆-----

## 2.ਬਾਬਾ ਸ਼ਬਦ ਸੁਣ ਮੇਰਾ ਤਾਂ ਮੰਨ ਹੀ ਸਹਿਮ ਗਿਆ– ਅਜਿਤਾ

ਦੋਦੇ ਦੇ ਲਾਗਲੇ ਡੇਰੇ ਜਿੱਥੇ ਬਾਦ ਵਿੱਚ ਕਰਤਾਰਪੁਰ ਵਸਦਾ ਹੈ ਓਥੇ ਸੰਗਤ ਵਿੱਚ ਬੈਠੇ ਸਨ ਗੁਰੂ ਸਾਹਿਬ ਨੂੰ ਅਕਾਲ ਪੁਰਖ ਦੀ ਅਜਿਹੀ ਯਾਦ ਆਈ ਕਿ ਉਹ ਸ਼ਬਦ ਛੇੜ ਦਿੱਤਾ ਜਿਹੜਾ ਸੁਲਤਾਨਪੁਰ ਲੋਧੀ ਰਚਿਆ ਸੀ ਜਦੋਂ ਨਿਰੰਕਾਰ ਨੇ ਗੁਰੂ ਸਾਹਿਬ ਦੀ ਹਿਸਾਬ ਕਰਨ ਵੇਲੇ ਇੱਜਤ ਪੱਤ ਰੱਖੀ ਸੀ। ਭਾਵ:-

**ਸਿਰੀਰਾਗੁ ਮਹਲਾ ੧ ॥ ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥**
(ਵੇਖੋ ਪੂਰਾ ਸ਼ਬਦ, ਪੰਨਾ 59)

ਸਬਦ ਸੁਣ ਕੇ ਅਜਿਤਾ ਕਹਿਣ ਲੱਗਾ ਬਾਬਾ ਜੀ ਮੇਰਾ ਤਾਂ ਮੰਨ ਹੀ ਡਰ ਗਇਆ ਸੀ। ਏਨੇ ਸਖਤ ਲਫਜ ਤੁਸਾਂ ਵਰਤੇ ਨੇ ਕੀ ਗੱਲ ਹੋਈ ਆ?

ਗੁਰੂ ਸਾਹਿਬ ਨੇ ਭਰੀ ਸੰਗਤ ਵਿੱਚ ਅਜਿਤੇ ਨੂੰ ਸਮਝਾਇਆ ਕਿ ਅਸੀ ਅਕਾਲ ਪੁਰਖ ਦੀ ਮਹਾਨਤਾ ਦਾ ਅੰਦਾਜ਼ਾ ਰਤੀ ਭਰ ਵੀ ਨਹੀ ਲਾ ਸਕਦੇ, ਉਹ ਏਨਾ ਬੇਅੰਤ ਹੈ। ਇੱਕ ਨਿਕੇ ਤੋਂ ਨਿੱਕੇ ਪੱਖ ਨੂੰ ਵਿਚਾਰਨਾ ਸ਼ੁਰੂ ਕਰ ਦਿਓ ਤਾਂ ਵੀ ਕੋਈ ਅਥਾਹ ਨਹੀ। ਬਰੀਕੀ ਵਿੱਚ ਵੀ ਥਾ ਨਹੀ ਤੇ ਜੇ ਵਿਸ਼ਾਲਤਾ ਬਾਰੇ ਸੋਚਣਾ ਸ਼ੁਰੂ ਕਰ ਦਿਓ ਤਾਂ ਵੀ ਕੋਈ ਅੰਤ ਨਹੀ। ਅਸੀ ਤਿੱਲ ਮਾਤਰ ਵੀ ਨਿਰੰਕਾਰ ਦੀ ਬੇਅੰਤਤਾ ਨੂੰ ਬਿਆਨ ਨਹੀ ਕਰ ਸਕਦੇ। ਓਹ ਪਰੇ ਤੋਂ ਪਰੇ ਹੈ। ਸੋ ਜੇ ਕੋਈ ਇਹ ਕਹੇ ਕਿ ਬਾਬੇ ਨਾਨਕ ਨੇ ਨਿਰੰਕਾਰ ਦਾ ਭੇਦ ਪਾ ਲਿਆ ਹੈ ਤਾਂ ਫਿਰ ਮੈਨੂੰ ਇਹੋ ਸ਼ਬਦ ਗਾਉਣਾ ਬਣਦਾ ਹੈ।

-----◆-----

## 3.ਬਾਬਾ ਤੇਰੀ ਯਾਰੀ ਜੋਗੀਆਂ ਨਾਲ। ਕੀ ਜੋਗ ਨਿਰੰਕਾਰ ਨਾਲ ਜੋੜਦਾ ਹੈ?– ਅਜਿਤਾ

ਜਿਵੇ ਪਹਿਲਾਂ ਦੱਸ ਚੁੱਕੇ ਹਾਂ ਕਿ ਗੁਰੂ ਸਾਹਿਬ ਦੇ ਵੇਲੇ ਪੰਜਾਬ ਵਿੱਚ ਜੋਗੀਆਂ ਦੀ ਪੂਰੀ ਤੂਤੀ ਬੋਲਦੀ ਸੀ। ਇਸ ਕਰਕੇ ਗੁਰੂ ਸਾਹਿਬ ਦਾ ਜਿਆਦਾ ਵਾਹ ਜੋਗੀਆਂ ਨਾਲ ਪਿਆ। ਜੋਗੀ ਹੀ ਵੱਡੀ ਗਿਣਤੀ ਵਿੱਚ ਗੁਰਮਤ ਦੇ ਪ੍ਰਚਾਰਕ ਬਣੇ। ਜੋਗੀਆਂ ਦੀ ਗੁਰੂ ਸਾਹਿਬ ਨਾਲ ਸੰਗਤ ਹੋਣ ਕਰਕੇ ਬਹੁਤ ਲੋਕਾਂ ਨੂੰ ਭੁਲੇਖਾ ਪੈ ਰਿਹਾ ਸੀ ਕਿ ਸ਼ਾਇਦ ਗੁਰੂ ਸਾਹਿਬ ਵੀ ਜੋਗੀਆਂ ਦਾ ਕੋਈ ਫਿਰਕਾ ਚਲਾ ਰਹੇ ਨੇ। ਏਸੇ ਪ੍ਰਸੰਗ ਵਿੱਚ ਹੀ ਅਜਿਤੇ ਨੇ ਸਵਾਲ ਕਰ ਦਿੱਤਾ ਕਿ ਕੀ ਜੋਗ ਨਿਰੰਕਾਰ ਨਾਲ ਜੋੜਦਾ ਹੈ?

ਦਿਆਲੂ ਬਾਬਾ ਨੇ ਮਰਦਾਨੇ ਦੀ ਰਬਾਬ ਤੇ ਸਾਰੰਗ ਦੀ ਵਾਰ ਵਿੱਚ ਸ਼ਬਦ ਕਹਿਆ:

**ਮਹਲਾ ੧ ॥ ਨ ਭੀਜੈ ਰਾਗੀ ਨਾਦੀ ਬੇਦਿ ॥ ਨ ਭੀਜੈ ਸੁਰਤੀ ਗਿਆਨੀ ਜੋਗਿ ॥ ਨ ਭੀਜੈ ਸੋਗੀ ਕੀਤੈ ਰੋਜਿ ॥ ਨ ਭੀਜੈ ਰੂਪੀ ਮਾਲੀ ਰੰਗਿ ॥ ਨ ਭੀਜੈ ਤੀਰਥਿ ਭਵਿਐ ਨੰਗਿ ॥ ਨ ਭੀਜੈ ਦਾਤੀ ਕੀਤੈ ਪੁੰਨਿ ॥ ਨ ਭੀਜੈ ਬਾਹਰਿ ਬੈਠਿਆ ਸੁੰਨਿ ॥ ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥ ਨ ਭੀਜੈ ਕੇਤੇ ਹੋਵਹਿ ਧੂੜ ॥ ਲੇਖਾ ਲਿਖੀਐ ਮਨ ਕੈ ਭਾਇ ॥ ਨਾਨਕ ਭੀਜੈ ਸਾਚੈ ਨਾਇ ॥੨॥**

ਗੁਰੂ ਸਾਹਿਬ ਨੇ ਡੰਕੇ ਦੀ ਚੋਟ ਕਹਿ ਦਿੱਤਾ ਕਿ ਐ ਨਿਰੰਕਾਰ ਦੇ ਅਭਿਲਾਖੀਓ ਮਤ ਕੋਈ ਗਲਤ ਫਹਿਮੀ ਵਿੱਚ ਰਹੇ ਨਿਰੰਕਾਰ ਤੁਹਾਡੇ ਸ਼ਾਸਤਰੀ ਰਾਗ, ਜਾਂ ਜੋਗ ਕਰਨ ਨਾਲ ਜਾਂ ਰੁਖੀਆਂ ਸੁਰਤਾਂ ਟਿਕਾਉਣ ਨਾਲ, ਜਾਂ ਸੋਗ ਵਿੱਚ ਮੂੰਹ ਬਨਾਏ ਬੈਠੇ ਰਹਿਣ ਨਾਲ, ਜਾਂ ਸ਼ਿਗਾਰ ਜਾਂ ਫਿਰ ਗੱਲ ਵਿੱਚ ਮਾਲਾ ਪਾਉਣ ਨਾਲ ਜਾਂ 68 ਤੀਰਥਾਂ ਦੇ ਦਰਸ਼ਨਾਂ ਨਾਲ, ਜਾਂ ਵੱਡੇ ਵੱਡੇ ਕੀਤੇ ਪੁੰਨ ਜਾਂ ਫਿਰ ਸੁੰਨ ਵਾਲਾ ਆਸਣ ਲਾਏ ਬਹਿਣ ਜਾਂ ਫਿਰ ਜੰਗ ਦੇ ਮੈਦਾਨ ਵਿੱਚ ਸੂਰਮਗਤੀ ਨਾਲ ਲੜਦੇ ਮਰਨ ਨਾਲ ਜਾਂ ਨਿਰੀ ਨਿਮ੍ਰਤਾ ਦਾ ਅਸੂਲ ਅਪਣਾਉਣ ਨਾਲ ਨਹੀ ਮਿਲਣਾ। ਰੱਬ ਦੀ ਪ੍ਰਾਪਤੀ ਸਿਰਫ ਤੇ ਸਿਰਫ ਨਾਮ ਦੇ ਲੜ੍ਹ ਲੱਗਿਆਂ ਹੈ ਉਹ ਵੀ ਦਿਲੋਂ ਹੋ ਕੇ। ਭਾਵ ਸਿਫਤ ਸਲਾਹ ਇਕੋ ਇੱਕ ਰਸਤਾ ਹੈ।

ਅੱਗੇ ਫਿਰ ਫਰਮਾਇਆ ਕਿ ਜੋਗੀ ਲੋਕ ਵਿਅੱਰਥ ਵਿੱਚ ਆਪਣਾ ਜੀਵਨ ਗਾਲ ਰਹੇ ਨੇ। ਇਨਾਂ ਨੂੰ ਕੁਝ ਵੀ ਪ੍ਰਾਪਤ ਨਹੀ ਹੋਣਾ।

-----◆-----

## 4.ਰਸੋਈਆ ਬਿਨਾਂ ਨਹਾਤੇ ਲੰਗਰ 'ਚ ਵੜ ਗਿਐ – ਅਜਿਤੇ ਦੀ ਸ਼ਕਾਇਤ

ਗੁਰੂ ਸਾਹਿਬ ਕਰਤਾਰਪੁਰ ਸੰਗਤ ਵਿੱਚ ਬੈਠੇ ਸਨ ਕਿ ਸ਼ਕਾਇਤ ਆ ਗਈ ਕਿ ਕੋਈ ਭਾਈ ਜੂਠੇ ਹੱਥੀ ਲੰਗਰ ਬਣਾਉਣ ਲੱਗ ਗਇਆ ਹੈ। ਓਨਾਂ ਸਮਿਆਂ ਵਿੱਚ ਜੂਠ ਸੁੱਚ ਦਾ ਬੜਾ ਵੱਡਾ ਮਸਲਾ ਹੁੰਦਾ ਸੀ। ਵੱਡੇ ਸਮਾਗਮਾਂ 'ਚ ਬ੍ਰਾਹਮਣ ਹੀ ਰਸੋਈ ਤਿਆਰ ਕਰਿਆ ਕਰਦੇ ਸਨ। ਕਰਤਾਰਪੁਰ ਵਿਖੇ ਇਹ ਮਸਲਾ ਕਈ ਵਾਰੀ ਉਠਿਆ ਸੀ। ਇੱਕ ਵੇਰਾਂ ਤਾਂ ਇੱਕ ਬ੍ਰਾਹਮਣ ਨੇ ਪੰਗਤ ਵਿੱਚ ਬਹਿ ਕੇ ਲੰਗਰ ਛਕਣ ਤੋਂ ਨਾਹ ਕਰ ਦਿੱਤੀ ਸੀ। (ਵੇਖੋ ਸਫਾ-395 )

ਜੂਠ ਸੁੱਚ ਦੇ ਮਸਲੇ ਤੇ ਗੁਰੂ ਸਾਹਿਬ ਨੇ ਜੋ ਰਵੱਈਆ ਅਪਣਾਇਆ ਉਹ ਵੱਡਾ ਇਨਕਲਾਬੀ ਸੀ। ਹਾਲਾਂ ਮੁਸਲਮਾਨ ਵੀ ਸਿਧਾਂਤਕ ਤੌਰ ਤੇ ਸੁੱਚ-ਜੂਠ ਦੇ ਸਿਧਾਂਤ ਨੂੰ ਨਹੀ ਸਨ ਮੰਨਦੇ ਪਰ ਮੁਸਲਮਾਨੀ ਸਮਾਜ ਵੀ ਅਜੇ ਓਸੇ ਤਰਾਂ ਬ੍ਰਾਹਮਣੀ ਅਸੂਲਾਂ ਵਿੱਚ ਫਸਿਆ ਪਿਆ ਸੀ।

ਗੁਰੂ ਸਾਹਿਬ ਨੇ ਜਦੋਂ ਲੰਗਰ ਵਿੱਚ ਸ਼ੂਦਰ ਅਤੇ ਅਛੂਤ ਨੂੰ ਸਵਰਨ ਜਾਤਾਂ ਦੇ ਨਾਲ ਬੈਠਾ ਦਿੱਤਾ ਤਾਂ ਚਾਰ ਚੁਫੇਰੇ ਦੁਹਾਈ ਮੱਚੀ ਸੀ: ਹੱਕ ਤੇ ਵਿਰੋਧ ਵਿੱਚ। ਓਦੋਂ ਮੁਸਲਮਾਨ ਤੇ ਸ਼ੂਦਰਾਂ ਨੇ ਗੁਰੂ ਸਾਹਿਬ ਦਾ ਪੱਖ ਲੈ ਲਿਆ ਜਿਸ ਕਰਕੇ ਇਨਕਲਾਬ ਵਿੱਚ ਸੌਖ ਆ ਗਈ। ਸੁੱਚ-ਜੂਠ ਦੇ ਮਸਲੇ ਤੇ ਆ ਕੇ ਅੱਜ 550 ਸਾਲ ਬਾਦ ਵੀ ਹਿੰਦੁਸਤਾਨੀ ਸਮਾਜ ਪੰਜਾਬ ਤੋਂ ਬਹੁਤ ਪਿੱਛੇ ਹੈ।

ਅਜਿਤੇ ਵਾਲੀ ਸਾਖੀ ਦਸਦੀ ਹੈ ਕਿ ਗੁਰੂ ਸਾਹਿਬ ਨੇ ਹੇਠ ਸ਼ਸ਼ੋਭਿਤ ਸਬਦ ਇਸ ਮੌਕੇ ਬੋਲਿਆ:-

ਸਲੋਕ ਮਹਲਾ ੧ ॥ ਜੂਠਿ ਨ ਰਾਗੀਂ ਜੂਠਿ ਨ ਵੇਦੀਂ ॥ ਜੂਠਿ ਨ ਚੰਦ ਸੂਰਜ ਕੀ ਭੇਦੀ ॥ ਜੂਠਿ ਨ ਅੰਨੀ ਜੂਠਿ ਨ ਨਾਈ ॥ ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥ ਜੂਠਿ ਨ ਧਰਤੀ ਜੂਠਿ ਨ ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ ॥ ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧॥

ਸੁੱਚ-ਜੂਠ ਦੇ ਵਿਰੋਧ ਵਿੱਚ ਹੋਰ ਵੀ ਕਈ ਥਾਂਈ ਕਈ ਮੌਕਿਆਂ ਤੇ ਗੁਰੂ ਸਾਹਿਬ ਨੇ ਇਨਕਲਾਬੀ ਰਵੱਈਆ ਅਪਣਾਈ ਰੱਖਿਆ। ਵੇਖੋ:

·ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥ ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥

·ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥ ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥ ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥

•ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥

ਸੁੱਚ-ਜੂਠ ਦੇ ਖੰਡਣ ਦੇ ਨਾਲ ਹੀ ਜਾਤ ਪਾਤ ਦੇ ਸਿਧਾਂਤ ਦੀ ਵੀ ਖੰਡਣਾ ਹੋ ਜਾਂਦੀ ਸੀ ਜਿਸ ਕਰਕੇ ਸਿੱਖੀ ਲਹਿਰ ਇਨਕਲਾਬ ਦਾ ਰੂਪ ਧਾਰਨ ਕਰ ਗਈ।

-----◈-----

## 5.ਬਾਬਾ ਜੀ ਇਹਦਾ ਕੀ ਅਰਥ?- "ਅਰਬਦ ਨਰਬਦ ਧੁੰਧੂਕਾਰਾ ॥"

ਕਰਤਾਰਪੁਰ ਸੰਗਤ ਵਿੱਚ "ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ " (ਪੂਰਾ ਸ਼ਬਦ ਵੇਖੋ ਪੰਨਾ 323) ਵਾਲਾ ਸ਼ਬਦ ਮਾਰੂ ਰਾਗ ਵਿੱਚ ਗੁਰੂ ਸਾਹਿਬ ਤੇ ਮਾਰਦਾਨੇ ਨੇ ਗਾਵਿਆ ਤੇ ਸੰਗੀਤ ਦੀ ਲੈਅ ਤੇ ਹਰ ਕੋਈ ਝੂਮ ਉਠਿਆ। ਹਾਲਾਂ ਸੰਗਤ ਵਿੱਚੋਂ ਬਹੁਤ ਘੱਟ ਲੋਕਾਂ ਨੂੰ ਸਬਦ ਦੀ ਸਮਝ ਪਈ ਸੀ।

ਸਮਾਪਤੀ ਤੇ ਅਜਿਤਾ ਰੰਧਾਵੇ ਨੇ ਕਹਿ ਹੀ ਦਿੱਤਾ ਕਿ ਬਾਬਾ ਜੀ ਇਹਦਾ ਕੀ ਮਤਲਬ?

ਗੁਰੂ ਸਾਹਿਬ ਨੇ ਸੰਗਤ ਨੂੰ ਸਮਝਾਇਆ ਕਿ ਸਾਰੀ ਸ੍ਰਿਸਟੀ, ਸਾਰਾ ਬ੍ਰਿਹਮੰਡ ਇੱਕ ਹੀ ਤਾਕਤ ਤੋਂ ਉਤਪਨ ਹੁੰਦਾ ਹੈ।

ਅਜਿਤੇ ਨੇ ਪੁੱਛਿਆ ਕਿ ਫਿਰ ਜਦੋਂ ਅਜੇ ਰਚਨਾ ਨਹੀ ਸੀ ਤਾਂ ਉਹ ਇੱਕ ਤਾਕਤ ਕਿਥੇ ਬਰਾਜਮਾਨ ਸੀ ਕਿਹੋ ਜਿਹੀ ਸੀ?

ਗੁਰੂ ਸਾਹਿਬ ਨੇ ਵਿਸਥਾਰ ਨਾਲ ਸੰਗਤ ਨੂੰ ਦੱਸਿਆ ਕਿ ਓਦੋਂ ਅਕਾਲ ਪੁਰਖ ਸੁੰਨ ਅਵਸਥਾ ਵਿੱਚ ਸੀ। ਭਾਵ ਕੁਝ ਵੀ ਨਹੀ ਸੀ ਸਿਰਫ ਹਨੇਰ ਘੁੱਪਘੇਰ ਸੀ। ਨਾਂ ਧਰਤੀਆਂ ਸਨ ਨਾਂ ਸੂਰਜ ਸਨ ਨਾਂ ਚੰਦ ਸਨ। ਕੁਦਰਤੀ ਹੈ ਓਦੋਂ ਫਿਰ ਇਹ ਪਹਾੜ, ਇਹ ਨਦੀਆਂ ਇਹ ਰੁੱਖ ਬਨਾਸਪਤੀ, ਤਰਾਂ ਤਰਾਂ ਦੇ ਜੀਅ ਜੰਤ ਕੁਝ ਵੀ ਨਹੀ ਸੀ।

ਅੱਗੇ ਸਮਝਾਇਆ ਕਿ ਜਦੋਂ ਅਕਾਰ ਹੀ ਨਹੀ ਸੀ ਇਸ ਕਰਕੇ ਪੁੰਨ ਪਾਪ ਦਾ ਸਵਾਲ ਹੀ ਪੈਦਾ ਨਹੀ ਹੁੰਦਾ। ਹੋਰ ਮਨੁੱਖੀ ਬੁਰਾਈਆਂ ਜਾਂ ਚੰਗਿਆਈਆਂ ਦੀ ਵੀ ਇਹੋ ਅਵਸਥਾ ਸੀ। ਨਾਂ ਵੈਰ, ਵਿਰੋਧ, ਨਾਂ ਖੁੱਸ਼ੀਆਂ, ਨਾਂ ਗਮੀਆਂ, ਨਾ ਡਰ, ਨਾਂ ਅਜਾਦੀ ਦਾ ਸਵਾਲ ਨਾਂ ਗੁਲਾਮੀ ਦਾ,ਅਤੇ ਮਜੇ ਦੀ ਗੱਲ ਓਦੋਂ ਨਰਕ ਸਵੱਰਗ ਦਾ ਵੀ ਕੋਈ ਮਤਲਬ ਹੀ ਨਹੀ ਸੀ। ਕਹਿਣ ਤੋਂ ਭਾਵ ਇਹ ਸਾਰੇ ਗੁਣ ਰਚਨਾ ਦੇ ਨਾਲ ਆਉਂਦੇ ਹਨ।

ਜਦੋਂ ਫਿਰ ਨਿਰੰਕਾਰ ਦੀ ਮੌਜ ਆਈ ਤਾਂ ਇੱਕ ਹੁਕਮ ਨਾਲ ਸ੍ਰਿਸਟੀ ਦੀ ਰਚਨਾ ਕਰ ਦਿੱਤੀ: "ਕੀਤਾ ਪਸਾਉ ਏਕੋ ਕਵਾਉ ॥ "

ਸੋ ਅਜਿਤਿਆ ਉਹ ਧੁੰਧੂਕਾਰ ਵਾਲੀ ਗੱਲ ਨਿਰੰਕਾਰ ਦੀ ਉਸ ਅਵਸਥਾ ਦੀ ਹੈ ਜਦੋਂ ਉਹ ਨਿਰਗੁਣ ਸਰੂਪ ਵਿੱਚ ਸੀ।

-----◈-----

## 6.ਬਾਬਾ ਜੀ ਨਿਰੰਕਾਰ ਦਾਨਾ ਬੀਨਾ ਕਿਵੇ ਹੋ ਗਿਆ? – ਅਜਿਤਾ

ਜਦੋਂ ਗੁਰੂ ਸਾਹਿਬ ਤੇ ਮਰਦਾਨੇ ਨੇ ਮਾਰੂ ਰਾਗ ਵਿੱਚ ਹੇਠ ਸ਼ੱਸ਼ੋਭਤ ਸ਼ਬਦ ਦਾ ਅਲਾਪ ਮਾਰੂ ਰਾਗ 'ਚ ਲੱਗਾਇਆ ਤਾਂ ਅੰਤ ਵਿੱਚ ਅਜਿਤਾ ਫਿਰ ਹੱਥ ਜੋੜ ਕੇ ਖਲੋ ਗਇਆ ਕਿ ਸਾਹਿਬ ਜੀ ਸਾਨੂੰ ਦੱਸੋ ਕਿ ਨਿਰੰਕਾਰ ਦਾਨਾ ਬੀਨਾ ਕਿਵੇ ਹੋ ਗਿਆ:-

ਮਾਰੂ ਮਹਲਾ ੧ ॥ ਹਰਿ ਧਨੁ ਸੰਚਹੁ ਰੇ ਜਨ ਭਾਈ ॥ ਸਤਿਗੁਰ ਸੇਵਿ ਰਹਹੁ ਸਰਣਾਈ ॥ ਤਸਕਰੁ ਚੋਰੁ ਨ ਲਾਗੈ ਤਾ ਕਉ ਧੁਨਿ ਉਪਜੈ ਸਬਦਿ ਜਗਾਇਆ ॥੧॥ ਤੂ ਏਕੰਕਾਰੁ ਨਿਰਾਲਮੁ ਰਾਜਾ ॥ ਤੂ ਆਪਿ ਸਵਾਰਹਿ ਜਨ ਕੇ ਕਾਜਾ ॥ ਅਮਰੁ ਅਡੋਲੁ ਅਪਾਰੁ ਅਮੋਲਕੁ ਹਰਿ ਅਸਥਿਰ ਥਾਨਿ ਸੁਹਾਇਆ ॥੨॥ ਦੇਹੀ ਨਗਰੀ ਊਤਮ ਥਾਨਾ ॥ ਪੰਚ ਲੋਕ ਵਸਹਿ ਪਰਧਾਨਾ ॥ ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ ॥੩॥ ਦੇਹੀ ਨਗਰੀ ਨਉ ਦਰਵਾਜੇ ॥ ਸਿਰਿ ਸਿਰਿ ਕਰਣੈਹਾਰੈ ਸਾਜੇ ॥ ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ ॥੪॥ ਪੁਰਖੁ ਅਲੇਖੁ ਸਚੇ ਦੀਵਾਨਾ ॥ ਹੁਕਮਿ ਚਲਾਏ ਸਚੁ ਨੀਸਾਨਾ ॥ ਨਾਨਕ ਖੋਜਿ ਲਹਹੁ ਘਰੁ ਅਪਨਾ ਹਰਿ ਆਤਮ ਰਾਮ ਨਾਮੁ ਪਾਇਆ ॥੫॥ ਸਰਬ ਨਿਰੰਜਨ ਪੁਰਖੁ ਸੁਜਾਨਾ ॥ ਅਦਲੁ ਕਰੇ ਗੁਰ ਗਿਆਨ ਸਮਾਨਾ ॥ ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ ॥੬॥ ਸਚੈ ਥਾਨਿ ਵਸੈ ਨਿਰੰਕਾਰਾ ॥ ਆਪਿ ਪਛਾਣੈ ਸਬਦੁ ਵੀਚਾਰਾ ॥ ਸਚੈ ਮਹਲਿ ਨਿਵਾਸੁ ਨਿਰੰਤਰਿ ਆਵਣ ਜਾਣੁ ਚੁਕਾਇਆ ॥੭॥ ਨਾ ਮਨੁ ਚਲੈ ਨ ਪਉਣੁ ਉਡਾਵੈ ॥ ਜੋਗੀ ਸਬਦੁ ਅਨਾਹਦੁ ਵਾਵੈ ॥ ਪੰਚ ਸਬਦ ਝੁਣਕਾਰੁ ਨਿਰਾਲਮੁ ਪ੍ਰਭਿ ਆਪੇ ਵਾਇ ਸੁਣਾਇਆ ॥੮॥ ਭਉ ਬੈਰਾਗਾ ਸਹਜਿ ਸਮਾਤਾ ॥ ਹਉਮੈ ਤਿਆਗੀ ਅਨਹਦਿ ਰਾਤਾ ॥ ਅੰਜਨੁ ਸਾਰਿ ਨਿਰੰਜਨੁ ਜਾਣੈ ਸਰਬ ਨਿਰੰਜਨੁ ਰਾਇਆ ॥੯॥ ਦੁਖ ਭੈ ਭੰਜਨੁ ਪ੍ਰਭੁ ਅਬਿਨਾਸੀ ॥ ਰੋਗ ਕਟੇ ਕਾਟੀ ਜਮ ਫਾਸੀ ॥ ਨਾਨਕ ਹਰਿ ਪ੍ਰਭੁ ਸੋ ਭਉ ਭੰਜਨੁ ਗੁਰਿ ਮਿਲਿਐ ਹਰਿ ਪ੍ਰਭੁ ਪਾਇਆ ॥੧੦॥ ਕਾਲੈ ਕਵਲੁ ਨਿਰੰਜਨੁ ਜਾਣੈ ॥ ਬੂਝੈ ਕਰਮੁ ਸੁ ਸਬਦੁ ਪਛਾਣੈ ॥ ਆਪੇ ਜਾਣੈ ਆਪਿ ਪਛਾਣੈ ਸਭੁ ਤਿਸ ਕਾ ਚੋਜੁ ਸਬਾਇਆ ॥੧੧॥ ਆਪੇ ਸਾਹੁ ਆਪੇ ਵਣਜਾਰਾ ॥ ਆਪੇ ਪਰਖੇ ਪਰਖਣਹਾਰਾ ॥ ਆਪੇ ਕਸਿ ਕਸਵਟੀ ਲਾਏ ਆਪੇ ਕੀਮਤਿ ਪਾਇਆ ॥੧੨॥ ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ ਘਟਿ ਘਟਿ ਰਵਿ ਰਹਿਆ ਬਨਵਾਰੀ ॥ ਪੁਰਖੁ ਅਤੀਤੁ ਵਸੈ ਨਿਹਕੇਵਲੁ ਗੁਰ ਪੁਰਖੈ ਪੁਰਖੁ ਮਿਲਾਇਆ ॥੧੩॥ ਪ੍ਰਭੁ ਦਾਨਾ ਬੀਨਾ ਗਰਬੁ ਗਵਾਏ ॥ ਦੂਜਾ ਮੇਟੈ ਏਕੁ ਦਿਖਾਏ ॥ ਆਸਾ ਮਾਹਿ ਨਿਰਾਲਮੁ ਜੋਨੀ ਅਕੁਲ ਨਿਰੰਜਨੁ ਗਾਇਆ ॥੧੪॥ ਹਉਮੈ ਮੇਟਿ ਸਬਦਿ ਸੁਖੁ ਹੋਈ ॥ ਆਪੁ ਵੀਚਾਰੇ ਗਿਆਨੀ ਸੋਈ ॥ ਨਾਨਕ ਹਰਿ ਜਸੁ ਹਰਿ ਗੁਣ ਲਾਹਾ ਸਤਸੰਗਤਿ ਸਚੁ ਫਲੁ ਪਾਇਆ ॥੧੫॥੨॥੧੯॥

ਦਾਨਾ ਬੀਨਾ ਫਾਰਸੀ ਦਾ ਲਫਜ ਹੈ ਜਿਸ ਦਾ ਮੋਟਾ ਜਿਹਾ ਮਤਲਬ ਹੈ ਅੰਦਰ ਬਾਹਰ ਦੀ ਸਭ ਜਾਨਣ ਵਾਲਾ। ਤੇ ਗੁਰੂ ਨਾਨਕ ਦਾ ਨਿਰੰਕਾਰ ਦਾਨਾ ਬੀਨਾ ਹੈ।

ਗੁਰੂ ਨਾਨਕ ਨੇ ਨਿਰੰਕਾਰ ਦੇ ਸਬੰਧ ਵਿੱਚ ਕਈ ਸਿਧਾਂਤ ਪਹਿਲੀ ਵਾਰੀ ਮਨੁੱਖਤਾ ਨੂੰ ਦਿੱਤੇ ਜਿਵੇ ਕਿ ਉਹ ਨਿਰੰਕਾਰ ਹੋਣ ਦੇ ਨਾਲ ਨਾਲ ਕਿਰਪਾਲੂ ਦਿਆਲੂ ਵੀ ਹੈ। ਉਹ ਸਾਡੇ ਦਿਲਾਂ ਦੀ ਸੁਣਦਾ ਹੈ। ਜਦੋ ਉਹਦੀ ਕ੍ਰਿਪਾ ਹੋ ਜਾਵੇ ਫਿਰ ਹਿਰਦੇ ਵਿੱਚੋਂ ਦੂਈ ਦਵੈਤ

ਮੁੱਕ ਜਾਂਦੀ ਹੈ ਤੇ ਘੱਟ ਘੱਟ ਵਿੱਚ ਉਸਦੇ ਹੀ ਦਰਸ਼ਨ ਕਰਦਾ ਹੈ ਗੁਰਮੁਖ। ਉਹਦਾ ਨਾਂ ਲੈਂਦਿਆ ਮਨੁੱਖਾਂ ਦੇ ਦੁੱਖ ਦੂਰ ਹੋ ਜਾਂਦੇ ਨੇ ਉਹ ਅਨੰਦ ਚਿੱਤ ਹੋ ਜਾਂਦੇ ਨੇ।

ਸੋਰਠਿ ਮਹਲਾ ੧ ॥ ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥ ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥ ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥ ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥ ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥ ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥ ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥੪॥ ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥

-----◈------

## 7. ਬਾਬਾ ਜੀ ਤੁਹਾਡੇ ਬਾਦ ਭਰਮ ਪੈਦਾ ਹੋਣਗੇ। ਤੁਹਾਡੀ ਜੋਤ ਕਿਥੇ ਹੋਵੇਗੀ? – ਅਜਿਤਾ

(1539 ਈ. ਭਾਵ ਜੋਤੀ ਜੋਤ ਸਮਾਉਣ ਵੇਲੇ ਦਾ ਸਵਾਲ)

ਅਜਿਤੇ ਨੇ ਬੜੇ ਸਤਿਕਾਰ ਪੂਰਬਕ ਕਿਹਾ ਕਿ ਬਾਬਾ ਜੀ ਇਹ ਸੰਸਾਰ ਇਹ ਸਰੀਰ ਨਾਸਵਾਨ ਹੈ। ਜਦੋਂ ਤੁਸੀ ਇਹ ਸੰਸਾਰ ਛੱਡ ਗਏ ਤਾਂ ਲੋਕਾਂ ਵਿੱਚ ਬੜੇ ਭਰਮ ਭੁਲੇਖੇ ਪੈਣਗੇ ਕਿ ਗੁਰੂ ਸਾਹਿਬ ਨੇ ਆਹ ਕਿਹਾ ਸੀ ਗੁਰੂ ਸਾਹਿਬ ਨੇ ਓਹ ਕਿਹਾ ਸੀ। ਇਸ ਮਸਲੇ ਦਾ ਕੀ ਹਲ ਹੋਵੇ?

ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਭਾਈ ਅਜਿਤਿਆ ਮੇਰੀਆਂ ਕੀਤੀਆਂ ਗੱਲਾਂ ਬਾਤਾ ਮੇਰਾ ਹੁਕਮ ਨਹੀ। ਮੇਰਾ ਹੁਕਮ ਸ਼ਬਦ ਹੈ ਜੋ ਸਦਾ ਸੰਗਤਾਂ ਦੇ ਕੋਲ ਮੌਜੂਦ ਰਹੇਗਾ। ਸ਼ਬਦ ਹੀ ਮੇਰੀ ਜੋਤ ਹੈ। ਗੁਰੂ ਸਾਹਿਬ ਗਉੜੀ ਵਿੱਚ ਸ਼ਬਦ ਗਾਵਿਆ (ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ ) :-

ਰਾਗੁ ਗਉੜੀ ਅਸਟਪਦੀਆ ਮਹਲਾ ੧ ਗਉੜੀ ਗੁਆਰੇਰੀ ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥ ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥ ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥ ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥ ਲਾਲ ਭਏ ਸੂਹਾ ਰੰਗੁ ਮਾਇਆ ॥ ਨਦਰਿ ਭਈ ਬਿਖੁ ਠਾਕਿ ਰਹਾਇਆ ॥੨॥ ਉਲਟ ਭਈ ਜੀਵਤ ਮਰਿ ਜਾਗਿਆ ॥ ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥ ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥ ਭਾਇ ਬਸੇ ਜਮ ਕਾ ਭਉ ਭਾਗਿਆ ॥੩॥ ਸਾਦ ਰਹੇ ਬਾਦੰ ਅਹੰਕਾਰਾ ॥ ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥ ਜਾਤਿ ਰਹੇ ਪਤਿ ਕੇ ਆਚਾਰਾ ॥ ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥੪॥ ਤੁਝ ਬਿਨੁ ਕੋਇ ਨ ਦੇਖਉ ਮੀਤੁ ॥ ਕਿਸੁ ਸੇਵਉ ਕਿਸੁ ਦੇਵਉ ਚੀਤੁ ॥ ਕਿਸੁ ਪੂਛਉ ਕਿਸੁ ਲਾਗਉ ਪਾਇ ॥ ਕਿਸੁ ਉਪਦੇਸਿ ਰਹਾ ਲਿਵ ਲਾਇ ॥੫॥ ਗੁਰ ਸੇਵੀ ਗੁਰ ਲਾਗਉ ਪਾਇ ॥ ਭਗਤਿ ਕਰੀ ਰਾਚਉ ਹਰਿ ਨਾਇ ॥ ਸਿਖਿਆ ਦੀਖਿਆ ਭੋਜਨ ਭਾਉ ॥ ਹੁਕਮਿ ਸੰਜੋਗੀ ਨਿਜ ਘਰਿ ਜਾਉ ॥੬॥ ਗਰਬ ਗਤੰ ਸੁਖ ਆਤਮ ਧਿਆਨਾ ॥ ਜੋਤਿ ਭਈ ਜੋਤੀ ਮਾਹਿ ਸਮਾਨਾ ॥ ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ ਕਰਤਾ ਕਰਣਾ ਕਰਤਾ ਜਾਨਾ ॥੭॥ ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥ ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥

ਫਿਰ ਗੁਰੂ ਸਾਹਿਬ ਨੇ ਫਰਮਾਇਆ ਕਿ ਭਰਮ ਭੁਲੇਖੇ ਵਾਲੀ ਗੱਲ ਹੀ ਨਹੀ ਹੋਵੇਗੀ ਮੈਂ ਸ਼ਬਦ ਲਿਖਤ ਵਿੱਚ ਛੱਡ ਜਾਵਾਂਗਾ। ਸਬਦ ਹੀ ਮੇਰਾ ਸਰੀਰ ਹੈ ਸਬਦ ਹੀ ਮੇਰੀ ਜੋਤ ਹੈ।

-----◈-----

## 8. ਬਾਬਾ ਜੀ ਕੀ ਇਹ ਸੰਭਵ ਨਹੀ ਕਿ ਸਦਾ ਰਹਿਣ ਵਾਲਾ ਪੈਗੰਬਰ ਹੋਵੇ – ਅਜਿਤਾ

ਅਜਿਤਾ ਕਹਿਣ ਲੱਗਾ ਗੁਰੂ ਸਾਹਿਬ ਤੁਸੀ ਅਕਾਲ ਪੁਰਖ ਦੇ ਐਨੇ ਕਰੀਬ ਹੋ ਤੁਸੀ ਫਿਰ ਵੀ ਕਹਿ ਰਹੇ ਹੋ ਕਿ ਛੇਤੀ ਹੀ ਤੁਹਾਨੂੰ ਜਾਣਾ ਪੈਣਾ ਹੈ, ਇਹ ਜਹਾਨ ਛੱਡਣਾ ਹੈ। ਕਿਓ ਨਹੀ ਤੁਸੀ ਇਸ ਧਰਤੀ ਤੇ ਸਦਾ ਰਹਿੰਦੇ?

ਗੁਰੂ ਸਾਹਿਬ ਨੇ ਕਿਹਾ ਨਹੀ ਭਾਈ ਜੋ ਪੈਦਾ ਹੋਇਆ, ਜਾਂ ਜੋ ਰਚਨਾ ਵਿੱਚ ਹੈ, ਸੂਰਤ ਵਿੱਚ ਹੈ, ਭਾਵ ਜੋ ਸਾਨੂੰ ਦਿਸ ਰਿਹਾ ਹੈ ਉਹ ਇੱਕ ਦਿਨ ਜਰੂਰ ਖਤਮ ਹੋਵੇਗਾ। ਇਥੋਂ ਤੱਕ ਕਿ ਪੰਜ ਤੱਤ ਵੀ ਖਤਮ ਹੋ ਜਾਣਗੇ। ਇਥੇ ਸਥਿਰ ਸਿਰਫ ਨਿਰੰਕਾਰ ਹੈ ਜਿਸ ਦੀ ਕੋਈ ਸ਼ਕਲ ਸੂਰਤ ਨਹੀ।

ਏਕੋ ਸਰਵਰੁ ਕਮਲ ਅਨੂਪ ॥ ਸਦਾ ਬਿਗਾਸੈ ਪਰਮਲ ਰੂਪ ॥ ਊਜਲ ਮੋਤੀ ਚੂਗਹਿ ਹੰਸ ॥ ਸਰਬ ਕਲਾ ਜਗਦੀਸੈ ਅੰਸ ॥੧॥ ਜੋ ਦੀਸੈ ਸੋ ਉਪਜੈ ਬਿਨਸੈ ॥ ਬਿਨੁ ਜਲ ਸਰਵਰਿ ਕਮਲੁ ਨ ਦੀਸੈ ॥੧

ਫਰਮਾਇਆ ਕਿ ਅਜਿਤਿਆ ਇਹ ਤਾਂ ਮੁਸਾਫਰ ਖਾਨਾ ਏ। ਜਿੱਥੇ ਸੰਜੋਗ ਵਿਜੋਗ ਲਿਖੇ ਹੋਏ ਨੇ।

ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ ॥ ਆਵਣਿ ਜਾਣਿ ਵਿਗੁਚੀਐ ਦੁਬਿਧਾ ਵਿਆਪੈ ਰੋਗੁ ॥ ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ ॥ ਵਿਣੁ ਨਾਵੈ ਕਿਉ ਛੂਟੀਐ ਜਾਇ ਰਸਾਤਲਿ ਅੰਤਿ ॥ ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥ ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥ ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥

-----◈-----

## 9. ਪਰ ਬਾਬਾ ਤੂੰ ਆਪਣੇ ਆਪ ਨੂੰ ਨੀਚਾਂ ਤੋਂ ਨੀਚ ਨਾਂ ਅਖਵਾ। ਸਾਨੂੰ ਸ਼ਰਮ ਆਉਂਦੀ ਏ– ਅਜਿਤਾ ਰੰਧਾਵਾ

ਕਿਉਕਿ ਸਾਹਿਬ ਦੀ ਬਾਣੀ ਹੈ:-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

ਬਾਬਾ ਜੀ ਜਦੋਂ ਤੁਸੀ ਆਪਣੇ ਆਪ ਨੂੰ ਨੀਚਾਂ ਤੋਂ ਵੀ ਨੀਚ ਅਖਵਾਉਂਦੇ ਹੋ ਤਾਂ ਸਾਨੂੰ ਸ਼ਰਮ ਆਉਂਦੀ ਹੈ। ਅਸੀ ਕੰਮੀ ਕਮੀਨਾਂ ਸਾਹਮਣੇ ਮੂੰਹ ਦਿਖਾਉਣ ਜੋਗੇ ਨਹੀ ਰਹਿ ਜਾਂਦੇ। ਬਾਬਾ ਜੀ ਕਦੀ ਤੁਸੀ ਬਾਣੀ ਵਿੱਚ ਆਪਣੇ ਆਪ ਨੂੰ ਕੂਕਰ ਤੱਕ ਕਹਿ ਜਾਂਦੇ ਹੋ। ਬਾਬਾ ਜੀ ਇਸ ਤਰਾਂ ਕਿਓ ਕਰਦੇ ਹੋ ਤੁਸੀ? ਅਜਿਤੇ ਨੇ ਪੁਛਿਆ।

ਗੁਰੂ ਸਾਹਿਬ ਨੇ ਕਿਹਾ ਅਜਿਤਿਆ ਅਕਾਲ ਪੁਰਖ ਤੇ ਇਨਸਾਨ ਦਰਮਿਆਨ ਬਸ ਹਉਮੈ ਦਾ ਹੀ ਪੜ੍ਹਦਾ ਹੈ। ਬੰਦਾ ਆਪਣਾ ਹੰਕਾਰ ਛੱਡ ਦੇਵੇ ਤਾਂ ਉਨੂੰ ਘੱਟ ਘੱਟ ਵਿੱਚ ਨਿਰੰਕਾਰ ਦੀ ਹੋਂਦ ਨਜ਼ਰ ਆਏਗੀ। ਉਹ ਦੁਨੀਆਂ ਦੀ ਅਸਲੀਅਤ ਸਮਝ ਚੁੱਕਾ ਹੋਵੇਗਾ। ਸੱਚੇ ਗੁਰੂ ਵਿੱਚ ਨਿਮ੍ਰਤਾ ਹੈ, ਸਬਰ ਸੰਤੋਖ ਹੁੰਦਾ ਹੈ। ਉਨੂੰ ਪਤਾ ਹੁੰਦਾ ਹੈ ਕਿ ਜਿੱਥੇ ਨਿਮ੍ਰਤਾ ਤੇ ਪਿਆਰ ਹੈ ਓਥੇ ਨਿਰੰਕਾਰ ਦਾ ਵਾਸਾ ਹੈ।

-----◈-----

## 11. ਅਜਿਤਿਆ ਕਲਿਜੁਗ ਵਿੱਚ ਲੋਕ ਲੰਗਰ ਤੇ ਸੰਗੀਤ ਦਾ ਸਵਾਦ ਲੈਣ ਗੁਰੂ ਦਰ ਤੇ ਜਾਣਗੇ*

ਜਨਮ ਸਾਖੀ ਇਸ ਤਰਾਂ ਲਿਖਿਆ ਹੈ:-

"ਤਾਂ ਸੁਣ ਭਾਈ ਅਜਿਤਿਆ ਕਲਿਜੁਗ ਵਿੱਚ ਧਰਮ ਛੀਨ ਹੋਵੇਗਾ। ਭਗਤਿ ਜੋ ਕੋਈ ਕਰੇਗਾ ਸੋ ਕਪਟ ਕੀ ਕਰੇਗਾ। ਸੋ ਆਪਣੀ ਪ੍ਰਾਲਬਧ ਦੇ ਵਾਸਤੇ ਕਰੇਗਾ, ਜੋ ਹਉਂ ਵੱਡਾ ਕਹਾਵਾਂ, ਸੰਸਾਰ ਸਤਮੰਨੇ ਅਰ ਰਾਗ ਜੋ ਹੈ ਸਬਦ ਹੈ ਅਰ ਰਾਗਨੀ ਜੋ ਹੈ ਸੋ ਰੁਜਗਾਰ ਹੈ। ਉਹ ਆਪਣੇ ਰੁਜਗਾਰ ਵਾਸਤੇ ਗਾਵਨ ਪੜ੍ਹਨਗੇ। ਜਿੱਥੇ ਕੁਝ ਹੱਥ ਆਏ ਤਿਥੇ ਹੀ ਸੁਨਾਵਨਗੇ ਅਤੇ ਖਾਵਣ ਪੀਵਣ ਕੇ ਮੇਲੇ ਹੋਵਣਗੇ। ਗੁਰੂ ਕਾ ਅਰਥ ਕੋਈ ਵਿਰਲਾ ਹੀ ਜਾਣੇਗਾ। ਸੰਸਾਰ ਸਭੋ ਸੁਆਦੇ ਹੀ ਲਗ ਜਾਏਗਾ। ਅਰ ਸ਼ਬਦ ਕੋਈ ਵਿਰਲਾ ਹੀ ਖੋਜੇਗਾ। ਅਰ ਸਤਿਗੁਰੂ ਕੀ ਮਤ ਖਰੀ ਉੱਚੀ ਹੈ। ਸੋ ਕੋਟਾਂ ਮਧੇ ਹੋਵਸੀ। ਸੋ ਮਤ ਕੇਹੀ ਹੈ: ਨਾਮਦਾਨ, ਇਸਨਾਨ, ਸਤਿ, ਸੰਤੋਖ, ਸੀਲ- ਸੰਜਮ, ਜਪ, ਤਪ, ਧਰਮ, ਭਾਉ-ਭਗਤਿ, ਗਰੀਬੀ, ਟਹਿਲ। ਇਹ ਸਤਿਗੁਰੂ ਕੀ ਮਤ ਹੈ। "

ਚਾਹੇ ਇਹ ਗੱਲਾਂ ਦਸਵੇ ਗੁਰੂ ਸਾਹਿਬ ਦੇ ਪਿੱਛੋਂ ਕਿਸੇ ਵੇਲੇ ਦੀਆਂ ਲਿਖੀਆਂ ਹੋਈਆਂ ਹਨ। ਪਰ ਹੈਰਾਨੀ ਹੁੰਦੀ ਹੈ ਕਿ ਭਵਿਖਬਾਣੀ ਕਿੰਨੀ ਸਟੀਕ ਹੈ। ਅੱਜ ਧਾਰਮਿਕ ਕਾਰਵਾਈ 'ਭਾਉ-ਭਗਤ' ਤੋਂ ਬਿਨਾਂ ਲੰਗਰਾਂ ਤੇ ਕੀਰਤਨ ਤੱਕ ਸੀਮਤ ਰਹਿ ਗਈ ਹੈ।

ਜਨਮਸਾਖੀ ਅਨੁਸਾਰ ਅੱਗੇ ਗੁਰੂ ਸਾਹਿਬ ਅਕਾਲਪੁਰਖ ਦੀ ਬੇਅੰਤਤਾ ਤੇ ਅਥਾਹ ਸ਼ਕਤੀਆਂ ਦਾ ਬਿਆਨ ਕਰਦੇ ਹੋਏ ਦੱਸੇ ਹਨ। ਇਥੇ ਵੀ ਜੋ ਗੁਰਬਾਣੀ ਦੇ ਰੂਪ ਵਿੱਚ ਕਵਿਤਾ ਦਿੱਤੀ ਹੈ ਉਹ ਗੁਰੂ ਗਰੰਥ ਸਾਹਿਬ ਤੋਂ ਬਾਹਰੀ ਹੈ।

ਗੋਸਟਿ ਅਨੁਸਾਰ ਗੁਰੂ ਸਾਹਿਬ ਨੇ ਕਬਰਾਂ ਤੇ ਸੀਰਣੀਆਂ ਆਦਿ ਵੰਡਣ ਵਾਲੇ ਤੇ ਖਾਣ ਜਾਣ ਵਾਲਿਆਂ ਦਾ ਵੀ ਖੰਡਣ ਕੀਤਾ ਹੈ।

-----◈-----

## 12. ਬਾਬਾ ਜੀ ਇਹ ਕਿਵੇ ਹੋ ਸਕਦੈ ਅਖੇ ਜਿਹੜਾ ਨਾਮ ਜਪੇਗਾ ਜਮ ਉਹਦੇ ਨੇੜੇ ਨਹੀ ਆਵੇਗਾ?

ਅਜਿਤੇ ਰੰਧਾਵੇ ਨੇ ਫਿਰ ਭਰੀ ਸਭਾ 'ਚ ਸਵਾਲ ਉਠਾਇਆ ਕਿ ਬਾਬਾ ਜੀ ਇਹ ਤੁਸੀ ਕੀ ਗੱਲਾਂ ਕਰ ਰਹੇ ਹੋ ਜਿਵੇ:-

ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥
ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ ਕਬਹੁ ਨ ਆਵਹਿ ਹਾਰਿ ਜੀਉ ॥

ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ ॥ ਤਾ ਕਉ ਕਾਲੁ ਨਾਹੀ ਜਮੁ ਜੋਹੈ ਬੂਝਹਿ ਅੰਤਰਿ ਸਬਦੁ ਬੀਚਾਰ ॥

॥ ਜਮੁ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥

ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ ॥ ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ ਡਸਿ ਨ ਸਕੈ ਹਰਿ ਕਾ ਰਸੁ ਪੀਜੈ ॥

ਆਪੇ ਸਸਿ ਸੂਰਾ ਪੂਰੋ ਪੂਰਾ ॥ ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥ ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥

ਇਹ ਕਿਵੇ ਹੋ ਸਕਦਾ ਹੈ ਅਖੇ ਜਿਹੜਾ ਨਾਮ ਜਪੇਗਾ ਉਹਨੂੰ ਜਮ ਨਹੀ ਲੱਗੇਗਾ ਭਾਵ ਮਰੇਗਾ ਹੀ ਨਹੀ?

ਗੁਰੂ ਸਾਹਿਬ ਨੇ ਸੰਗਤ ਨੂੰ ਸਾਰੀ ਗੱਲ ਸਮਝਾਈ ਕਿ ਦੇਖੋ ਹਰ ਜੀਅ ਦੇ ਮੰਨ ਤੇ ਮੌਤ ਦਾ ਸਾਇਆ ਰਹਿੰਦਾ ਹੈ। ਹਰ ਕਿਸੇ ਦੇ ਮੰਨ 'ਚ ਡਰ ਹੁੰਦਾ ਹੈ। ਮੌਤ ਦੇ ਡਰ ਨੂੰ ਹੀ ਜਮ ਕਿਹਾ ਜਾਂਦਾ ਹੈ। ਪਰ ਜਿਹੜਾ ਰੱਬ ਦੀ ਭਗਤੀ ਵਿੱਚ ਲੱਗ ਜਾਏਗਾ ਉਹਨੂੰ ਜਗਤ ਤਮਾਸ਼ੇ ਦਾ ਗਿਆਨ ਹੋ ਜਾਂਦਾ ਹੈ। (ਵੇਖੋ ਪੰਨਾ 108, 314 ਪੈੜ) ਨਾਮ ਦੇ ਸਿਧਾਂਤ ਰਾਹੀ ਫਿਰ ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀ ਸਾਰੀ ਕਹਾਣੀ ਸਾਫ ਹੋ ਜਾਂਦੀ ਹੈ। ਭਾਣੇ ਦੀ ਸਮਝ ਆ ਚੁੱਕੀ ਵਾਲਾ ਇਨਸਾਨ ਸਦਾ ਚੜ੍ਹਦੀ ਕਲਾ ਵਿੱਚ ਵਿੱਚਰਦਾ ਹੈ। ਬੰਦੇ ਨੂੰ ਜੀਵਨ ਦਾ ਰਾਜ ਸਮਝ ਆ ਜਾਂਦਾ ਹੈ। ਬੰਦਾ ਮੌਤ ਦੇ ਭੇਦ ਦਾ ਗਿਆਤਾ ਹੋ ਜਾਂਦਾ ਹੈ। ਰੂਹਾਨੀ ਗਿਆਨਵਾਨ ਬੰਦਾ ਮੌਤ ਨੂੰ ਪਰਮ ਅਨੰਦ ਦੀ ਅਵਸਥਾ ਜਾਣਦਾ ਹੈ। ਇਹੋ ਕਾਰਨ ਹੈ ਭਗਤ ਹੱਸ ਹੱਸ ਸੂਲੀ ਚੜ੍ਹਦੇ ਆਏ ਹਨ।

ਸੋ ਜਦੋਂ ਮੌਤ ਦਾ ਭੈਅ ਹੀ ਖਤਮ ਹੋ ਗਇਆ ਤੇ ਫਿਰ ਕੌਣ ਜਮ ਜਾਂ ਜਮਦੂਤ।

-----◈-----

## 13. 'ਅਚਲ ਆਏ ਨਾਨਕਾ, ਨਰਕਪੁਰੀ ਵਿੱਚ ਜਾਇ॥'*

ਅਜਿਤਾ ਰੰਧਾਵੇ ਗੋਸ਼ਟਿ ਵਿੱਚ ਆਪੂ ਰਚੀ ਬਾਣੀ ਦਾ ਹਵਾਲਾ ਦੇ ਕੇ ਅਜਿਤਾ ਪੁੱਛਦਾ ਦਿਖਾਇਆ ਗਇਆ ਕਿ ਬਾਬਾ ਜੀ ਇਹਦਾ ਕਿ ਮਤਲਬ 'ਅਚਲ ਆਏ ਨਾਨਕਾ, ਨਰਕਪੁਰੀ ਵਿੱਚ ਜਾਇ॥ '?

ਫਿਰ ਜੋ ਗੁਰੂ ਸਾਹਿਬ ਦਾ ਦਿੱਤਾ ਜਵਾਬ ਦਿਖਾਇਆ ਗਇਆ ਹੈ ਉਹ ਅੱਜ ਦੇ ਅਨੇਕਾਂ ਸਾਧੂ ਫਕੀਰਾਂ ਤੇ ਢੁਕਦਾ ਹੈ।

ਕਿਉਕਿ ਗੁਰੂ ਸਾਹਿਬ ਤੋਂ ਪਹਿਲਾਂ ਗ੍ਰਿਸਤ ਧਰਮ ਨਹੀ ਸੀ ਭਾਵ ਇਹ ਮੰਨਿਆ ਜਾਂਦਾ ਸੀ ਕਿ ਗ੍ਰਿਸਤੀ ਬੰਦਾ (ਪ੍ਰਵਾਰ ਵਿੱਚ ਭਾਵ ਵਿਆਹਿਆ ਹੋਇਆ) ਰੂਹਾਨੀਅਤ ਦੇ ਮਾਰਗ ਤੇ ਨਹੀ ਚਲ ਸਕਦਾ। ਜੇ ਬੰਦੇ ਨੇ ਰੱਬ ਦੀ ਪ੍ਰਾਪਤੀ ਕਰਨੀ ਹੈ ਜਾਂ ਧਰਮ ਕਮਾਉਣਾ ਹੈ ਤਾਂ ਉਨੂੰ ਗ੍ਰਿਸਤ ਛੱਡ ਸਾਧੂ ਬਣਨਾ ਪਊ। ਗੋਸਟਿ ਵਿੱਚ ਦਿਖਾਇਆ ਗਇਆ ਹੈ ਕਿ ਕਿਵੇ ਕਲ ਨੂੰ ਨਕਲੀ ਸਾਧੂ ਫਕੀਰ ਹੋਵਣਗੇ ਜੋ ਗ੍ਰਿਸਤ ਦੇ ਝੂਠੇ ਅਨੰਦ ਵੀ ਮਾਣਣਗੇ ਤੇ ਨਾਲ ਸਾਧੂ ਫਕੀਰ ਹੋਣ ਦਾ ਦਾਵਾ ਵੀ ਕਰਨਗੇ। ਗੋਸਟਿ ਵਿੱਚ ਲਿਖਿਆ ਹੈ:-

"..ਗੁਰੂ ਹੋਇ ਦਿਸਣਗੇ ਬਾਤਾਂ ਕਰ ਕਰ ਉਪਦੇਸ ਕਰਨਗੇ। ਅਰ ਇਸਤ੍ਰੀਆਂ, ਜਹਾਨਤੇ, ਕਾਮ ਕ੍ਰੋਧ, ਲੋਭ, ਮੋਹ, ਨਿੰਦਾ ਬਖੀਲੀ, .. ਹੁਣ ਬੱਚਾ ਅਜਿਹਾ ਵਕਤ ਆਵੇਗਾ ਜੋ ਉਹ ਦੁਨੀਆ ਨਾਲ ਮੋਹ ਕਰਨਗੇ ਅਰ ਕਹਿਣਗੇ ਹਮ ਫਕੀਰ ਹੈਂ। "

ਅਸੀ ਅੱਜ ਵੇਖ ਰਹੇ ਹਾਂ ਅਜਿਹੇ ਗੁਰੂਆਂ ਦੀ ਭਰਮਾਰ ਹੋ ਗਈ ਹੈ। ਗ੍ਰਿਸਤ ਧਰਮ ਦਾ ਇਹ ਨਕਲੀ ਲੋਕ ਉਲਟਾ ਫਾਇਦਾ ਲੈ ਰਹੇ ਨੇ। ਇਸ ਬਾਬਤ ਮਿਸਾਲਾਂ ਦੇਣ ਦੀ ਸ਼ਾਇਦ ਜ਼ਰੂਰਤ ਹੀ ਨਹੀ। ਕਿਉਕਿ ਇਹ ਬੁਰਾਈ ਆਮ ਹੋ ਗਈ ਹੈ। ਭਾਵ ਮਾਇਆ ਮੋਹ ਤਿਆਗੇ ਬਿਨਾਂ ਆਪਣੇ ਆਪ ਨੂੰ ਸਾਧੂ ਫਕੀਰ ਕਹਾਉਣ ਵਾਲੇ ਆਮ ਹੋ ਗਏ ਹਨ। ਅਜਿਤਾ ਗੁਰੂ ਸਾਹਿਬ ਗੋਸਟਿ ਵਿੱਚ

ਇੱਕ ਥਾਂ ਨਹੀ ਥਾਂ ਥਾਂ ਲਿਖਿਆ ਹੈ ਕਿ ਨਕਲੀ ਗੁਰੂਆਂ ਦੀ ਭਰਮਾਰ ਹੋ ਜਾਏਗੀ।

-----◈-----

## 14. ਬ੍ਰਹਮਾ ਬਿਸ਼ਨ ਮਹੇਸ਼, ਸ੍ਰੀ ਰਾਮ ਕ੍ਰਿਸ਼ਨ ਬਾਰੇ ਤੁਹਾਡਾ ਕੀ ਵੀਚਾਰ ਹੈ, ਗੁਰੂ ਜੀ?

ਗੁਰੂ ਜੀ ਨੇ ਕਿਹਾ ਕਿ ਇਹ ਸਭ ਕਥਾਵਾਂ ਹਨ ਕਿ ਬ੍ਰਹਮਾ ਨੇ ਸ੍ਰਿਸਟੀ ਸਾਜੀ। ਏਹੋ ਜਿਹੇ ਅਵਤਾਰ ਲੱਖਾਂ ਦੀ ਗਿਣਤੀ ਵਿੱਚ ਆਏ ਹਨ। ਇਹ ਸਭ ਅਕਾਲ ਪੁਰਖ ਸਰਬ ਵਿਆਪਕ ੧ਓ ਨਿਰੰਕਾਰ ਦਾ ਭੇਦ ਨਹੀ ਸਨ ਪਾ ਪਾਏ। ਇਹ ਸ੍ਰਿਸਟੀ ਦੇ ਵਰਤਾਰੇ ਨੂੰ ਸਮਝ ਹੀ ਨਹੀ ਸਨ ਸਕੇ।

ਅਜਿਤਿਆ ਸਿੱਖ ਵਾਸਤੇ ਗੁਰੂ ਹੀ ਰਾਮ ਜਾਂ ਕਿਸ਼ਨ ਜਾਂ ਬ੍ਰਹਮਾ ਮਹੇਸ਼ ਹਨ:- ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥

ਬੇਟਾ ਅਜਿਤਿਆ ਜਿਸ ਅਕਾਲ ਪੁਰਖ ਦਾ ਮੈਂ ਮਿਰਾਸੀ ਉਸ ਅੱਗੇ ਅਨੇਕਾਂ ਬ੍ਰਹਮੇ ਵਿਸ਼ਨੂ ਤੇ ਮਹੇਸ਼ ਪਏ ਅਰਦਾਸਾਂ ਕਰਦੇ ਹਨ। "ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥"

ਭਾਵ ਅਜਿਤਿਆ ਇਹ ਸਭ ਨਿਰੰਕਾਰ ਦੇ ਸਾਜੇ ਹੋਏ ਹਨ। ਇਹ ਆਪ ਰੱਬ ਨਹੀ ਹਨ। ਜਦੋਂ ਸੁੰਨ ਅਵਸਥਾ ਵਿੱਚ ਨਿਰੰਕਾਰ ਸੀ ਓਦੋ ਇਹ ਦੇਵੀ ਦੇਵਤੇ ਕਿਤੇ ਨਹੀ ਸਨ: "ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ ॥ ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥੩॥ ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ ॥ ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ ॥" ਜਾਂ ਫਿਰ ਭਾਈ ਅਜਿਤਿਆ ਇਵ ਵੀ ਕਹੀਏ:- ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥ ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪

ਰਚਨਾ ਅਕਾਲ ਪੁਰਖ ਨੇ ਹੀ ਸਭ ਰਚੀ। ੧ਓ ਨੇ – "ਜਿਨਿ ਕੀਏ ਕਰਿ ਵੇਖਣਹਾਰਾ ॥ ਅਵਰੁ ਨ ਦੂਜਾ ਸਿਰਜਣਹਾਰਾ ॥੩॥ ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥ ਦੇਵੀ ਦੇਵ ਉਪਾਏ ਵੇਸਾ ॥"

ਨਿਰੰਕਾਰ ਦੇ ਸਾਹਮਣੇ ਤਾਂ ਅਜਿਹੇ ਲੱਖਾਂ ਕ੍ਰੋੜਾਂ ਕਿਸ਼ਨ ਬਿਸ਼ਨ ਪਏ ਗਾਵਦੇ "ਗਾਵਨਿ ਗੋਪੀਆ ਗਾਵਨਿ ਕਾਨ੍ ॥ ਗਾਵਨਿ ਸੀਤਾ ਰਾਜੇ ਰਾਮ ॥ ਨਿਰਭਉ ਨਿਰੰਕਾਰੁ ਸਚੁ ਨਾਮੁ ॥"

ਅਜਿਤਾ ਕਹਿੰਦਾ ਗੁਰੂ ਜੀ ਅਸੀ ਤਾਂ ਭੁੱਲੇ ਰਹੇ ਅਸੀ ਤਾਂ ਇਨਾਂ ਦੇਵੀ ਦੇਵਤਿਆਂ ਨੂੰ ਹੀ ਰੱਬ ਸਮਝ ਲਿਆ ਸੀ।

-----◈-----

## 15. ਬਾਬਾ ਜੀ ਪਰ-ਨਾਰੀ ਭੋਗ ਕਿਓ ਮਨ੍ਹਾ? ਇਹਦਾ ਧਰਮ ਨਾਲ ਕੀ ਸਬੰਧ?

ਅਜਿਤਿਆ ਇਹ ਪਰ-ਨਾਰੀ-ਭੋਗ ਨਿਰੰਕਾਰ ਦੇ ਰਜਾ ਵਾਲੇ ਸਿਧਾਂਤ ਦੇ ਉਲਟ ਹੈ। ਨਿਰੰਕਾਰ ਨੇ ਕਾਮ ਦਿੱਤਾ ਕਿ ਉਤਪਤੀ ਹੁੰਦੀ ਰਹੇ ਦੁਨੀਆ ਚਲਦੀ ਰਹੇ। ਪਰ ਜਦੋਂ ਮਨੁੱਖ ਉਤਪਤੀ ਦਾ ਸਿਧਾਂਤ ਤਿਆਗ ਸਿਰਫ ਸੁਆਦ ਖਾਤਰ ਭੋਗ ਕਰਦਾ ਹੈ ਤਾਂ ਉਹ ਦੁੱਖ ਪਾਉਦਾ ਹੈ। ਮੇਰਾ ਸੱਚਾ ਸਿੱਖ ਭਾਣੇ ਵਿੱਚ ਚਲੇਗਾ। ਪਰ ਨਾਰੀ ਗਮਨ ਹਉਮੇ ਵਾਲੀ ਕਾਰਵਾਈ ਹੈ। ਹਉਮੇ ਦਾ



ਅਜਿਤਾ ਬਾਬਾ ਅਤੇ ਮਰਦਾਨਾ। ਬੀ:40 ਤਸਵੀਰ।

ਗ੍ਰਸਿਆ ਬੰਦਾ ਕਾਮੀ ਹੁੰਦਾ ਹੈ। ਇਸ ਦੀ ਕੋਈ ਇੰਤਹਾ ਨਹੀ। ਇਸ ਵਿੱਚ ਖੁਆਰੀ ਹੀ ਖੁਆਰੀ ਹੈ। ਇਹ ਨਾਮ ਦੇ ਉਲਟ ਹੈ। ਇਸ ਸਿਧਾਂਤ ਦੀ ਉਲੰਘਣਾ ਸਮਾਜ ਵਾਸਤੇ ਵੀ ਘਾਤਕ ਹੋ ਜਾਂਦੀ ਹੈ। ਫਸਾਦਾਂ ਦੀ ਜੜ੍ਹ ਬਣ ਸਕਦੀ ਹੈ। (ਹੋਰ ਦੇਖੋ ਕਾਮ ਦੀ ਕਹਾਣੀ ਸਫਾ 108)

ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥ ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥ ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥

ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ ਕਰਤ ਗਵਾਇਆ ॥ ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥ ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ ॥ ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ ॥੧

ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥

ਕਾਇਆ ਹੰਸ ਪ੍ਰੀਤਿ ਬਹੁ ਧਾਰੀ ॥ ਓਹੁ ਜੋਗੀ ਪੁਰਖੁ ਓਹ ਸੁੰਦਰਿ ਨਾਰੀ ॥ ਅਹਿਨਿਸਿ ਭੋਗੈ ਚੋਜ ਬਿਨੋਦੀ ਉਠਿ ਚਲਤੈ ਮਤਾ ਨ ਕੀਨਾ ਹੇ ॥੬॥

ਆਪੇ ਪੁਰਖੁ ਆਪੇ ਹੀ ਨਾਰੀ ॥ ਆਪੇ ਪਾਸਾ ਆਪੇ ਸਾਰੀ ॥ ਆਪੇ ਪਿੜ ਬਾਧੀ ਜਗੁ ਖੇਲੈ ਆਪੇ ਕੀਮਤਿ ਪਾਈ ਹੇ॥

-----◈-----

## 16. ਗੁਰੂ ਜੀ ਅਸਲੀ ਨਕਲੀ ਸਾਧ ਦੀ ਕੀ ਪਛਾਣ ਹੋਵੇਗੀ?

ਗੁਰੂ ਸਾਹਿਬ ਨੇ ਕਿਹਾ ਅਜਿਤਿਆ ਧਰਮ ਦੀ ਗੱਲ ਜਾਂ ਪਛਾਣ ਬੜੀ ਹੀ ਸਿੱਧੀ ਪੱਧਰੀ ਹੈ। ਜਿਹੜਾ ਬੰਦਾ ਅੰਦਰੋਂ ਸਾਧੂ ਨਹੀ ਤੇ ਸਾਧ ਹੋਣ ਦਾ ਵਿਖਾਵਾ ਕਰ ਰਿਹਾ ਹੈ ਉਹ ਆਪਣੀ ਹਉਮੇ ਕਰਕੇ ਪਛਾਣ ਵਿੱਚ ਆ ਜਾਏਗਾ। ਉਹ ਆਪਣੀ ਤਾਰੀਫ ਸੁਣ ਕੇ ਖੁਸ਼ ਹੋਵੇਗਾ। ਉਹ ਆਪਣਾ ਨਿੱਜ ਸਵਾਰੇਗਾ ਆਪਣੀ ਦਿੱਖ ਸੁਧਾਰਨ ਦੀ ਕੋਸ਼ਿਸ਼ ਵਿੱਚ ਰਹੇਗਾ। ਭਾਵ ਉਹ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਵਿੱਚ ਗ੍ਰਸਿਆ ਰਹੇਗਾ ਤੇ ਅਜਿਹਾ ਬੰਦਾ ਅਸਾਨੀ ਨਾਲ ਪਛਾਣ ਵਿੱਚ ਆ ਜਾਂਦਾ ਹੈ। ਅਜਿਹੇ ਲੋਕ ਹੱਥਾਂ ਵਿੱਚ ਮਾਲਾਂ ਤੇ ਚਿੱਟ ਕਪੜਿਆਂ ਵਿੱਚ ਅਮੂਮਨ ਦਿਸਣਗੇ। ਪਰ

ਸਧਾਰਨ ਲੋਕਾਂ ਵਿੱਚ ਉਨਾਂ ਨਕਲੀ ਸਾਧੂਆਂ ਨੂੰ ਪਛਾਨਣ ਦੀ ਸਮੱਰਥਾ ਨਹੀ ਹੋਵੇਗੀ।

ਗ੍ਰਿਸਤ ਵਿੱਚ ਅਕਾਲ ਪੁਰਖ ਦੇ ਭਾਣੇ ਵਿੱਚ ਵਿਚਰਦਾ ਗੁਰਮੁਖ ਅਸਲੀ ਸਾਧੂ ਆਪਣੇ ਆਪ ਨੂੰ ਨਹੀ ਗਿਣਾਏਗਾ। ਉਹਦੀ ਹਉਮੈ ਘਟ ਚੁੱਕੀ ਹੁੰਦੀ ਹੈ। ਉਹ ਹਰ ਕਿਸੇ ਨਾਲ ਪਿਆਰ ਨਾਲ ਪੇਸ਼ ਆਵੇਗਾ। ਉਹ ਕੁਦਰਤ ਦੀ ਹਰ ਵਸਤੂ ਨੂੰ ਪਿਆਰ ਕਰੇਗਾ। ਹਰ ਵੇਲੇ ਉਹਦਾ ਧਿਆਨ ਨਿਰੰਕਾਰ ਵਿੱਚ ਬਣਿਆ ਹੋਵੇਗਾ।

ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥ ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥ ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ ਤਿਨ੍ਹ ਮੰਗਾ ਜਿ ਤੁਝੈ ਧਿਆਇਦੇ ॥

ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥ ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥

-----◈-----

## 17. ਗੋਸ਼ਟਿ ਵਿੱਚ ਆਇਆ ਹੈ ਕਿ ਗੁਰੂ ਸਾਹਿਬ ਨੇ ਬਾਬਰ ਨੂੰ ਵਰ ਕਿਓ ਦਿੱਤਾ?

ਅਜਿਤੇ ਰੰਧਾਵੇ ਦੀ ਗੋਸਟਿ ਜੋ ਦਸਵੇ ਪਾਤਸ਼ਾਹ ਦੇ ਕਿਸੇ ਵੇਲੇ ਰਚੀ ਲੱਗਦੀ ਹੈ ਵਿੱਚ ਦੱਸਿਆ ਗਇਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਪ੍ਰਵਾਰ ਨੂੰ ਬਾਦਸ਼ਾਹੀ ਕਿਓ ਬਖਸ਼ੀ। ਉਹ ਲਿਖਦਾ ਹੈ ਕਿ ਸੈਦਪੁਰ ਦੇ ਹਮਲੇ ਵੇਲੇ ਬਹੁਤ ਕਤਲਾਮ ਹੋਈ ਸੀ। ਗੁਰੂ ਸਾਹਿਬ ਦਾ ਹਿਰਦਾ ਕੰਬ ਉਠਿਆ ਸੀ। ਬਾਦ ਵਿੱਚ ਬਾਬਰ ਗੁਰੂ ਸਾਹਿਬ ਦੇ ਚਰਨੀ ਲੱਗਾ ਤੇ ਭੁੱਲ ਬਖਸ਼ਾਈ ਕਿ ਮੈਂ ਦੁਬਾਰਾ ਆਮ ਲੋਕਾਈ ਨੂੰ ਕਦੀ ਦੁੱਖ ਨਹੀ ਦੇਵਾਂਗਾ। ਬਖਸ਼ਣਹਾਰ ਗੁਰੂ ਨੇ ਬਾਬਰ ਨੂੰ ਦਿੱਲੀ ਦੇ ਤਖਤ ਦਾ ਵਰ ਦੇ ਦਿੱਤਾ।

-----◈-----

## ਜਦੋਂ ਕਲਾਨੌਰ ਦਾ ਕ੍ਰੋੜੀਆ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਨਿਕਲਿਆ■

ਪੱਖੋਕੇ ਲਾਗੇ ਜਿੱਥੇ ਗੁਰੂ ਸਾਹਿਬ ਨੇ ਡੇਰਾ ਜਮਾਇਆ ਸੀ ਓਥੇ ਤਾਂ ਮੇਲੇ ਵਾਲਾ ਮਹੌਲ ਬਣ ਚੁੱਕਾ ਸੀ। ਇਲਾਕੇ ਵਿੱਚ ਗੋਗਾ ਫੈਲ ਚੁੱਕਾ ਸੀ ਕਿ ਰੱਬ ਦਾ ਰੂਪ, ਮੂਲੇ ਪਟਵਾਰੀ ਦਾ ਜਵਾਈ ਜਿਹੜਾ ਮੋਦੀਖਾਨਾ ਛੱਡ ਕੇ ਸਾਧ ਬਣ ਗਇਆ ਹੈ, ਉਹ ਆਇਆ ਹੋਇਆ ਏ। ਬਾਬੇ ਨਾਨਕ ਦੇ ਚਮਤਕਾਰ ਦੁਨੀਆ ਭਰ ਵਿੱਚ ਪ੍ਰਸਿੱਧ ਹੋ ਚੁੱਕੇ ਸਨ। ਹੁੰਮ ਹੁੰਮਾ ਕੇ ਦੁਨੀਆ ਭੱਜੀ ਆ ਰਹੀ ਸੀ। ਗੁਰੂ ਸਾਹਿਬ ਹਰ ਦੁੱਖੀ, ਰੋਗੀ, ਦਰਦਵੰਦ ਦੀ ਤਸੱਲੀ ਕਰ ਰਹੇ ਸਨ।

ਜਦੋਂ ਮਸਲਾ ਨਿੱਜ ਦੇ ਫਾਇਦਾ ਦਾ ਹੋਵੇ ਤਾਂ ਬੰਦਾ ਅਗਲੇ ਦਾ ਮਜ਼ਬ ਨਹੀ ਵੇਹਦਾ। ਮੁਸਲਮਾਨ ਵੀ ਭੱਜੇ ਆ ਰਹੇ ਸਨ। ਜਨਮਸਾਖੀ ਵਿੱਚ ਆਉਦਾ ਹੈ, "ਹਿੰਦੂ, ਮੁਸਲਮਾਨ, ਜੋਗੀ, ਸੰਨਿਆਸੀ, ਬ੍ਰਹਮਚਾਰੀ, ਬੈਰਾਗੀ, ਉਦਾਸੀ, ਤਪੀ ਤਪੀਸਰ, ਬੈਸਨੋ, ਦਿਗੰਬਰ, ਗ੍ਰਿਸਤੀ, ਖਾਨ, ਖਨੀਨ, ਉਮਰੇ, ਕ੍ਰੋੜੀਏ, ਜਿਮੀਦਾਰ, ਚੌਧਰੀ ਜੋ ਵੀ ਕੋਈ ਆਵੇ ਪਰਚਿਆ ਜਾਵੇ। ਸਭ ਉਸਤਤ ਕਰਨ। "

ਇਸ ਤੋਂ ਪਹਿਲਾਂ ਇੱਕ ਘਟਨਾ ਘਟੀ ਸੀ। ਗੱਲ ਕੁਝ ਇਸ ਤਰਾਂ ਕਿ ਕਲਾਨੌਰ ਵਿਖੇ ਇੱਕ ਦਿਨ ਓਥੋਂ ਦਾ ਕ੍ਰੋੜੀਆ ਜਿਸ ਦਾ ਨਾਂ ਦੁਨੀ ਚੰਦ ਆਪਣੀ ਕਚਿਹਰੀ ਲਾਈ ਬੈਠਾ ਸੀ। ਮਸਲਾ ਕੋਈ ਸੰਗੀਨ ਸੀ ਹਰ ਪਾਸੇ ਚੁੱਪ ਛਾਈ ਹੋਈ ਸੀ ਕਿ ਲਾਗੋ ਦੀ ਇੱਕ ਜੋਗੀ ਕ੍ਰਾਨੀਆਂ ਵਜਾਉਦਾ ਤੇ ਗਾਉਦਾ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ " ਨਿਕਲਿਆ:-

" ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥"

ਹਰ ਕਿਸੇ ਦਾ ਧਿਆਨ ਜੋਗੀ ਦੇ ਬੋਲਾਂ ਵਲ ਗਿਆ। ਕ੍ਰੋੜੀਏ ਨੇ ਸਮਝਿਆ ਕਿ ਮੇਰੇ ਤੇ ਤ੍ਰਾਨਾ ਕੱਸਿਆ ਹੈ। ਸਿਪਾਹੀ ਭੇਜ ਕੇ ਜੋਗੀ ਨੂੰ ਫੜ ਲਿਆਦਾ ਗਿਆ। ਪੁੱਛਿਆ ਗਇਆ ਕਿ ਤੂੰ ਸਾਨੂੰ ਤ੍ਰਾਨੇ ਕਿਓ ਮਾਰ ਰਿਹਾ ਅਸੀ ਕਿਹੜਾ ਕੂੜ ਬੋਲਿਆ ਹੈ। ਜੋਗੀ ਨੇ ਬੜੀ ਅਧੀਨਗੀ ਸਾਹਿਤ ਜਵਾਬ ਦਿੱਤਾ "ਜਨਾਬ ਮੈਂ ਤੁਹਾਨੂੰ ਕਿਓ ਲੱਗਾ ਤ੍ਰਾਨਾ ਮਾਰਨ। ਮੈਂ ਤਾਂ ਬਾਬੇ ਨਾਨਕ ਦੀ ਬਾਣੀ ਗਾ ਰਿਹਾ ਹਾਂ। " ਕ੍ਰੋੜੀਏ ਦੀ ਜਦੋਂ ਤਸੱਲੀ ਹੋਈ ਜੋਗੀ ਨੂੰ ਤਾਂ ਰਿਹਾ ਕਰ ਦਿੱਤਾ ਪਰ ਦਰਬਾਰ ਵਿੱਚ ਨਾਨਕ ਬਾਰੇ ਚਰਚਾ ਛਿੜ ਉਠੀ।

ਗੁਰੂ ਨਾਨਕ ਬਾਰੇ ਹਰ ਕਿਸੇ ਦੇ ਮੰਨ ਵਿੱਚ ਡਾਹਢੀ ਰੰਜਸ਼ ਸੀ। ਕਿਸੇ ਨੇ ਯਾਦ ਦਿਵਾਇਆ ਕਿ ਇਹ ਓਹੋ ਨਾਨਕ ਹੈ ਜਿਸ ਨੇ ਵਿਚਾਰੇ ਮੂਲੇ ਪਟਵਾਰੀ ਦੀ ਧੀ ਵਿਆਹ ਕੇ ਪੇਕੇ ਬੈਠਾਈ ਹੋਈ ਹੈ। ਮੂਲੇ ਨੇ ਗੁਰੂ ਸਾਹਿਬ ਦੀ ਬਹੁਤ ਬਦਨਾਮੀ ਕਰ ਰੱਖੀ ਸੀ ਕਿ ਕਿੰਨਾ ਲਾਪਰਵਾਹ ਹੈ, ਪਹਿਲਾਂ ਵਿਆਹ ਕਰਵਾ ਲਿਆ ਤੇ ਹੁਣ ਗ੍ਰਿਸਤ ਦੀ ਜਿੰਮੇਵਾਰੀ ਤੋਂ ਡਰਦਾ ਸਾਧ ਬਣ ਗਇਆ ਹੈ। ਸਭਾ ਵਿੱਚ ਬੈਠੇ ਮੁਸਲਮਾਨਾਂ ਨੂੰ ਗੁੱਸਾ ਸੀ ਕਿ ਕਈ ਮੁਸਲਮਾਨ ਵੀ ਨਾਨਕ ਦੀਆਂ ਸਿਫਤਾਂ ਕਰ ਰਹੇ ਹਨ। ਸੋ ਕ੍ਰੋੜੀਏ ਦੇ ਮੰਨ ਵਿੱਚ ਗੁਰੂ ਸਾਹਿਬ ਬਾਰੇ ਜ਼ਹਿਰ ਹੋਰ ਵੀ ਭਰਿਆ ਗਿਆ।

ਗੁਰੂ ਸਾਹਿਬ ਨੂੰ ਪੱਖੋਕੇ ਟਿਕੇ ਕੁਝ ਦਿਨ ਹੀ ਹੋਏ ਸਨ ਕਿ ਖਬਰ ਕ੍ਰੋੜੀਏ ਤੱਕ ਪਹੁੰਚ ਗਈ ਕਿ ਉਹ ਤਪਾ ਨਾਨਕ ਫਿਰ ਇਲਾਕੇ ਵਿੱਚ ਡੇਰਾ ਜਮਾਈ ਬੈਠਾ ਹੈ।

ਕ੍ਰੋੜੀਆ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਦੀ ਮਨਸ਼ਾ ਨਾਲ ਤਿਆਰ ਬਿਆਰ ਹੋ ਕੇ ਕਲਾਨੌਰੋ ਨਿਕਲਣ ਲੱਗਦਾ ਹੈ। ਕਲਾਨੌਰ▫ ਤੋਂ ਪੱਖੋਕੇ (ਅੱਜ ਦੇ ਡੇਰਾ ਬਾਬਾ ਨਾਨਕ ਲਾਗੇ) 15 ਕਿ. ਮੀ. ਸੀ। ਗੁੱਸੇ ਵਿੱਚ ਭਰਿਆ ਪੀਤਾ ਜਦੋਂ ਦੁਨੀ ਚੰਦ ਅਹਿਲਕਾਰਾਂ ਸਮੇਤ ਘਰੋਂ ਨਿਕਲਣ ਲੱਗਾ, ਬਲਾਕੀ ਮਾਰ ਘੋੜੇ ਤੇ ਚੜ੍ਹਨ ਲੱਗਾ ਸੀ ਕਿ ਰਕਾਬ ਵਿੱਚੋਂ ਪੈਰ ਤਿਲਕ ਗਿਆ। ਬੁਰੀ ਤਰਾਂ ਡਿੱਗਾ। ਪੱਗ ਰਿੜਦੀ ਰਿੜਦੀ ਦੂਰ ਗੋਹੇ ਵਿੱਚ ਜਾ ਪਈ। ਅਪਸਗਨ ਹੋਣਾ ਮੰਨ ਕੇ ਜਾਣਾ ਟਾਲ ਦਿੱਤਾ।

ਅਗਲੇ ਦਿਨ ਫਿਰ ਅਮਲੇ ਫੈਲੇ ਨੂੰ ਨਾਲ ਲੈ ਨਿਕਲਿਆ। ਰਾਵੀ ਦੇ ਬੇਲੇ ਤੱਕ ਜਾ ਅਪੜਿਆ। ਤਾਂ ਰਸਤੇ ਵਿੱਚ ਕਾਨਿਆਂ ਵਿੱਚੋਂ

ਨਿਕਲਦਿਆਂ ਮਕੜੀ ਦਾ ਜਾਲਾ ਅਜਿਹਾ ਅੱਖਾਂ ਵਿੱਚ ਪਿਆ ਕਿ ਕੁਝ ਨਜਰ ਨਾਂ ਆਵੇ। ਘੋੜੇ ਤੋਂ ਉਤਰ ਗਿਆ। ਨੌਕਰਾਂ ਨੇ ਸਾਫ ਜਿਹੀ ਥਾਂ ਵੇਖ ਕੇ ਚਾਦਰ ਵਿਛਾ ਦਿੱਤੀ ਤੇ ਓਥੇ ਬਹਿ ਗਿਆ। ਅੱਖਾਂ ਬਥੇਰੀਆਂ ਰੜਕੀਆਂ। ਪਾਣੀ ਦੇ ਛਿੱਟੇ ਮਾਰੇ। ਪਰ ਸਭ ਵਿਅਰਥ! ਨਾਦਾਰ ਅੰਨਾ ਹੋ ਚੁੱਕਾ ਸੀ। ਦੁਨੀ ਚੰਦ ਘਬਰਾਇਆ। ਨੌਕਰਾਂ ਚਾਕਰਾਂ ਵਿਚੋਂ ਇੱਕ ਬੋਲ ਉਠਿਆ, "ਜਨਾਬ ਇਜਾਜਤ ਹੋਵੇ ਤਾਂ ਮੈਂ ਕੁਝ ਕਹਿ ਸਕਦਾ?"

ਦੁਨੀ ਚੰਦ ਨੇ ਕਿਹਾ, "ਬੋਲ?" ਨੌਕਰ ਕਹਿਣ ਲੱਗਾ, "ਹਜੂਰ ਹੋ ਸਕਦਾ ਇਹ ਬਾਬੇ ਨਾਨਕ ਦੀ ਹੀ ਸਖਤੀ ਹੋਵੇ। ਇੱਕ ਮੂਰਖ ਹੋ ਸਕਦੈ, ਸਾਰੀ ਦੁਨੀਆਂ ਤਾਂ ਨਹੀ। ਹਜਾਰਾਂ ਲੋਕ ਬਾਬੇ ਨਾਨਕ ਵਲ ਢੁਕ ਰਹੇ ਨੇ। " ਦੁਨੀਚੰਦ ਨੇ ਨੌਕਰ ਨੂੰ ਕਿਹਾ ਕਿ, "ਮੇਰੇ ਮੰਨ ਵਿਚ ਵੀ ਕੁਝ ਇਹੋ ਜਿਹੇ ਡਰਾਉਣੇ ਖਿਆਲ ਆ ਰਹੇ ਸਨ। "

ਨੌਕਰ ਦੀ ਦਿੱਤੀ ਸਲਾਹ ਮੁਤਾਬਿਕ ਫਿਰ, ਦੁਨੀ ਚੰਦ ਬੜੀ ਨਿਮ੍ਰਤਾ ਸਾਹਿਤ ਅਰਦਾਸ ਕਰਦਾ ਹੈ ਕਿ ਬਾਬਾ ਜੇ ਤੂੰ ਜ਼ਾਹਿਰਾ ਹੈ ਤਾਂ ਮੇਰਾ ਗੁਨਾਹ ਬਖਸ਼ ਦੇ। ਮੇਰੀ ਨਿਗਾਹ ਪਰਤ ਆਏ। ਦੁਨੀ ਚੰਦ ਓਥੋਂ ਪੈਦਲ, ਨੰਗੇ ਪੈਰੀ, ਪੱਖੋਕਿਆਂ ਨੂੰ ਤੁਰਦਾ ਹੈ। ਜਿਵੇਂ ਨੌਕਰਾਂ ਨੇ ਕਿਹਾ ਕਿ ਔਹ ਜੇ ਬਾਬੇ ਨਾਨਕ ਦਾ ਡੇਰਾ। ਦੁਨੀ ਚੰਦ ਦੀ ਨਿਗਾਹ ਪਰਤ ਆਉਦੀ ਹੈ।

ਅਜਿਤੇ ਰੰਧਾਵੇ ਦੀ ਬਹਿਕ ਤੇ ਪਹੁੰਚ ਬਾਬੇ ਦੇ ਚਰਨੀ ਢਹਿ ਪੈਂਦਾ ਹੈ ਤਾਂ ਸਾਰੇ ਹਾਲਾਤਾਂ ਦਾ ਇਕਬਾਲ ਕਰਦਾ ਹੈ। ਗੁਰੂ ਸਾਹਿਬ ਉਹਨੂੰ ਦਿਲਾਸਾ ਦੇ ਗਲ ਨਾਲ ਲਾਉਦੇ ਨੇ। ਕਰੋੜੀਆ ਪੱਕਾ ਸ਼ਰਧਾਲੂ ਬਣ ਜਾਦਾ ਹੈ ਬਾਬੇ ਦਾ।

ਬਾਬੇ ਨਾਨਕ ਦੇ ਡੇਰੇ • (ਚੌਧਰੀ ਅਜਿਤੇ ਰੰਧਾਵੇ ਦਾ ਖੂਹ) ਤੇ ਹੀ ਦੁਨੀ ਚੰਦ ਰਾਤ ਨੂੰ ਰਹਿ ਜਾਂਦਾ ਹੈ। ਸੰਗਤਾਂ ਦੀ ਵੱਡੀ ਰੌਣਕ ਤੇ ਲੰਗਰ ਪਾਣੀ ਦੀ ਸਹੂਲਤ ਵੇਖ ਕੇ ਬੜਾ ਪ੍ਰਭਾਵਤ ਹੁੰਦਾ ਹੈ। ਓਧਰੋਂ ਕ੍ਰੋੜੀਏ ਦਾ ਮੁਤਾਹਿਤ ਮੂਲ ਚੰਦ ਚੋਣਾ ਪਟਵਾਰੀ ਵੀ ਦੁਨੀ ਚੰਦ ਨੂੰ ਮਨਾਉਦਾ ਹੈ ਕਿ ਬਾਬੇ ਨੂੰ ਕਿਸੇ ਤਰਾਂ ਮਨਾਓ ਕਿ ਹੁਣ ਉਦਾਸੀਆਂ ਤੇ ਨਾਂ ਜਾਏ ਤੇ ਏਥੇ ਹੀ ਪੱਕਾ ਡੇਰਾ ਲਾ ਲਵੇ।

-----◈-----

## ਕਲਾਨੌਰ ਦਾ ਸੈਦੋ ਘਈ◉

ਕਸਬਾ ਕਲਾਨੌਰ (ਜਿਲਾ ਗੁਰਦਾਸਪੁਰ) ਦਾ ਘਈ ਗੋਤ ਦਾ ਸੈਦੋ ਨਾਂ ਦਾ ਖੱਤਰੀ ਗੁਰੂ ਸਾਹਿਬ ਦੀ ਉਪਮਾ ਸੁਣ ਕੇ ਅੱਧੇ ਮੰਨ ਨਾਲ ਸ਼ਰਧਾਲੂ ਬਣ ਗਿਆ। ਪਹਿਲਾਂ ਉਹ ਖਿਜਰ ਖਵਾਜਾ ਨੂੰ ਮੰਨਣ ਵਾਲੇ ਪੀਰ ਦੇ ਜਾਂਦਾ ਹੁੰਦਾ ਸੀ। ਉਂਜ ਗੁਰੂ ਸਾਹਿਬ ਦੀ ਸੇਵਾ ਬੜੇ ਚਾਅ ਤੇ ਉਤਸ਼ਾਹ ਨਾਲ ਕਰਿਆ ਕਰੇ। ਇਸ ਦੌਰਾਨ ਉਸ ਨੇ ਵੇਖਿਆ ਕਿ ਗੁਰੂ ਸਾਹਿਬ ਕਾਫੀ ਸਮਾਂ ਪਾਣੀ ਵਿੱਚ ਬਿਤਾਉਦੇ ਹਨ। ਕੰਢੇ ਬਹਿ ਬਹੁਤ ਸਮਾਂ ਅਰਦਾਸਾਂ ਵੀ ਕਰਦੇ ਨੇ। ਇਸ਼ਨਾਨ ਤੇ ਵੀ ਜੋਰ ਦਿੰਦੇ ਹਨ। ਫਿਰ ਪਾਠ ਵੀ ਦਸਦੇ ਹਨ:

**ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥**

ਸੈਦੋ ਦੇ ਮਨ ਵਿੱਚ ਆਇਆ ਕਿ ਗੁਰੂ ਸਾਹਿਬ ਜਰੂਰ ਪਾਣੀ ਦੇ ਦੇਵਤਾ ਖਿਜ਼ਰ ਖਵਾਜ਼ਾ ਦੇ ਭਗਤ ਹਨ। ਉਸ ਮਹਿਸੂਸ ਕੀਤਾ ਕਿ ਗੁਰੂ ਸਾਹਿਬ ਦਾ ਚੁਫੇਰੇ ਜਸ ਫੈਲਿਆ ਹੋਇਆ ਹੈ ਉਹ ਏਸੇ ਕਰਕੇ ਹੀ ਹੈ।



ਦੁਨੀ ਚੰਦ ਕ੍ਰੋੜੀਆ ਗੁਰੂ ਸਾਹਿਬ ਦੇ ਮੱਥਾ ਟੇਕ ਰਿਹਾ ਹੈ। ਬੀ:40 ਤਸਵੀਰ

ਸੈਦੋ ਦੇ ਮੰਨ ਵਿੱਚ ਆਈ ਕਿ ਖਵਾਜਾ ਦੀ ਭਗਤੀ ਕਰਕੇ ਜੇ ਗੁਰੂ ਨਾਨਕ ਏਡਾ ਰੁਤਬਾ ਹਾਸਲ ਕਰ ਸਕਦੇ ਹਨ ਤਾਂ ਮੈਂ ਕਿਓ ਨਹੀ?

ਕਲਾਨੌਰ ਦੇ ਐਨ ਨਾਲ ਹੀ ਨਾਲਾ ਕਿਰਨ (ਜਾਂ ਸੱਕੀ) ਵਹਿੰਦਾ ਹੈ। ਸੈਦੋ ਨੇ ਤਪ ਅਰੰਭ ਦਿੱਤਾ। ਅੱਧੀ ਰਾਤ ਵੇਲੇ ਹੀ ਜਾ ਦਰਿਆ ਵਿੱਚ ਇਸ਼ਨਾਨ ਕਰਨਾਂ। ਵਰੁਣ ਦੇਵਤਾ ਜਾਂ ਖਵਾਜਾ ਖਿਜਰ ਦੀ ਭਗਤੀ ਕਰਨੀ।

ਇਕ ਰਾਤ ਸੈਦੋ ਕੀ ਵੇਖਦਾ ਹੈ ਇੱਕ ਉੱਚਾ ਲੰਮਾ ਗਭਰੂ ਹੱਥ ਵਿੱਚ ਮੱਛੀ ਚੁੱਕੀ ਤੁਰਿਆ ਆ ਰਿਹਾ ਹੈ। ਰਾਤ ਦੇ ਹਨੇਰੇ ਵਿੱਚ ਸੈਦੋ ਪਹਿਲਾਂ ਤਾਂ ਡਰ ਗਿਆ। ਫਿਰ ਹੌਸਲਾ ਕਰਕੇ ਬੰਦੇ ਨੂੰ ਨਮਸਕਾਰ ਕੀਤੀ ਤੇ ਜਾਣ ਪਛਾਣ ਪੁੱਛੀ। ਅੱਗੋ ਬੰਦੇ ਨੇ ਦੱਸਿਆ ਕਿ ਮੈਂ ਖ਼ੁਦ ਖਵਾਜਾ ਖਿਜ਼ਰ ਹਾਂ। ਸੈਦੋ ਪੁੱਛਿਆ ਇਹ ਮੱਛੀ? ਖਿਜ਼ਰ ਕਹਿਣ ਲੱਗਾ ਇਹ ਮੱਛੀ ਗੁਰੂ ਨਾਨਕ ਪਾਤਸ਼ਾਹ ਦੇ ਲਈ ਹੈ। ਅੱਜ ਕਲ ਉਹ ਇਸ ਇਲਾਕੇ ਵਿੱਚ ਪਧਾਰੇ ਹੋਏ ਨੇ ਮੈਂ ਓਥੇ ਭੇਟ ਕਰਨ ਜਾ ਰਿਹਾ ਹਾਂ।

ਇਹ ਸੁਣ ਕੇ ਸੈਦੋ ਦੇ ਹੋਸ਼ ਉਡ ਗਏ। ਸੈਦੋ ਕਹਿਣ ਲੱਗਾ ਜੀ ਮੈਂ ਗੁਰੂ ਨਾਨਕ ਨੂੰ ਜਾਣਦਾ ਹਾਂ। ਅਤੇ ਦਿਲ ਦੀ ਸਾਰੀ ਗੱਲ ਦੱਸੀ ਕਿ ਮੈਂ ਸਮਝਦਾ ਸੀ ਕਿ ਗੁਰੂ ਨਾਨਕ ਨੇ ਰੂਹਾਨੀਅਤ ਚੜ੍ਹਤ ਤੁਹਾਥੋਂ ਹਾਸਲ ਕੀਤੀ ਹੈ।

ਖਿਜਰ ਨੇ ਕਿਹਾ,

"ਨਹੀ, ਨਹੀ! ਮੈਂ ਤਾਂ ਜੜ੍ਹ ਰੂਪ ਵਿੱਚ ਹਾਂ। ਪੰਜਾਂ ਤੱਤਾਂ ਵਿੱਚੋਂ ਇੱਕ ਹਾਂ। ਗੁਰੂ ਨਾਨਕ ਚੇਤੰਨ ਰੂਪ ਵਿੱਚ ਨਿਰੰਕਾਰ ਦਾ ਸਰੂਪ ਹਨ। ਅਕਾਲ ਪੁਰਖ ਨੇ ਗੁਰੂ ਨਾਨਕ ਨੂੰ ਲੋਕਾਂ ਦੇ ਉਧਾਰ ਵਾਸਤੇ ਹੀ ਭੇਜਿਆ ਹੈ। ਮੈਂ ਤਾਂ ਸਿਰਫ ਤੁਹਾਡਾ ਭਰਮ ਦੂਰ ਕਰਨ ਲਈ ਮਨੁੱਖੀ ਰੂਪ ਅਪਣਾਇਆ ਹੈ।"

ਇਹ ਗੱਲਾਂ ਸੁਣ ਸੈਦੋ ਘਰ ਜਾਣ ਦੇ ਬਿਜਾਏ ਓਥੋਂ ਹੀ ਰਾਵੀ ਵਲ ਤੁਰ ਪਿਆ ਤੇ ਮਨ੍ਹੇਰੇ ਹੀ ਜਾ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਗੁਰੂ ਸਾਹਿਬ ਨੇ ਕਿਹਾ ਕਿ ਸੈਦੋ ਕੀ ਗੱਲ ਅੱਜ ਏਨੇ ਸਵੱਖਤੇ ਹੀ ਆ ਗਏ ਹੋ?

ਸੈਦੋ ਨੇ ਸਾਰੀ ਹੱਡ ਬੀਤੀ ਦੱਸੀ।

ਬੜੀ ਨਿਮ੍ਰਤਾ ਨਾਲ ਬੇਨਤੀ ਕੀਤੀ ਕਿ ਗੁਰੂ ਮਹਾਰਾਜ ਮੇਰੇ ਤੇ ਤਰਸ ਕਰਦੇ ਹੋਏ ਮੈਨੂੰ ਦਿਸ਼ਾ ਦਿਓ ਉਸ ਨਿਰੰਕਾਰ ਨੂੰ ਆਪਾਂ ਕਿਵੇ ਪਾ ਸਕਦੇ ਹਾਂ।

**ਸਿਰੀਰਾਗੁ ਮਹਲਾ ੧ ॥ ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥ ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ ॥ ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ ॥੧॥ ਭਾਈ ਰੇ ਅਵਰੁ ਨਾਹੀ ਮੈ ਥਾਉ ॥ ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ ॥੧॥ ਰਹਾਉ ॥ ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ ਮਿਲਾਉ ॥ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ ॥ ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ ॥੨॥ ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥ ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥ ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥੩॥ ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥ ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥ ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥ ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥ ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥ ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥੫॥ ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥ ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ ॥੬॥ ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥ ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥ ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥ ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੮॥**

ਗੁਰੂ ਸਾਹਿਬ ਨੇ ਸੈਦੋ ਨੂੰ ਸਮਝਾਇਆ ਕਿ ਭਾਈ ਜੜ੍ਹ ਵਸਤੂਆਂ ਦੀ ਭਗਤੀ ਤੁਹਾਨੂੰ ਭਟਕਾਅ ਦੇਵੇਗੀ। ਸਤਿਗੁਰੂ ਹੀ ਜਾਗਦਾ ਹੈ ਤੇ ਚੇਤੰਨ ਹੈ। ਗੁਰੂ ਦੇ ਦਰ ਤੇ ਜਾ ਸਬਦ ਦੀ ਪ੍ਰਾਪਤੀ ਕਰੋ। ਨਾਮ ਜਾਂ ਸਿਫਤ ਸਲਾਹ ਹੀ ਨਿਰੰਕਾਰ ਨਾਲ ਮੇਲ ਦਾ ਇਕੋ ਇੱਕ ਸਾਧਨ ਹੈ। ਪਰ ਨਾਲ ਹੀ ਸੁਚੇਤ ਕੀਤਾ ਕਿ ਅਧੂਰਾ ਗੁਰੂ ਕਰਕੇ ਵੀ ਤੁਸੀ ਭਟਕ ਸਕਦੇ ਹੋ। ਗੁਰੂ ਉਹ ਜਿਹਦੀ ਹਉਮੇ ਮੁੱਕ ਚੁੱਕੀ ਹੋਵੇ ਜਿਹੜਾ ਮਰਨ ਦੇ ਡਰ ਤੋਂ ਉੱਤੇ ਉਠ ਚੁੱਕਾ ਹੋਵੇ।

ਗੁਰੂ ਦੀ ਸ਼ਰਨ ਵਿੱਚ ਸੈਦੋ ਨੂੰ ਅਜਿਹਾ ਰੰਗ ਚੜਿਆ ਕਿ ਗੁਰੂ ਦੇ ਸੰਗ ਹੀ ਰਹੇ। ਕੁਝ ਇੱਕ ਨੇੜੇ ਤੇੜੇ ਪੰਜਾਬ ਅੰਦਰਲੀਆਂ ਉਦਾਸੀਆਂ ਵੇਲੇ ਵੀ ਸੈਦੋ ਗੁਰੂ ਸਾਹਿਬ ਦੇ ਸੰਗ ਰਿਹਾ।

▲

ਪੈੜ ਸਫ਼ਾ

■ ਇਹ ਸਾਖੀ ਲੱਗਪਗ ਸਾਰੀਆਂ ਜਨਮਸਾਖੀਆਂ ਵਿਚ ਆਉਂਦੀ ਹੈ। ਬਾਲਾ-133, ਪੁਰਾਤਨ-140, ਬੀ:40- 80, ਸੋਢੀ-516, ਮਨੀ-

◘ **ਕ੍ਰੋੜੀਆ**- ਸਲਤਨਤ ਤੇ ਮੁਗਲ ਕਾਲ ਦੌਰਾਨ ਟੈਕਸ ਕਲੈਕਟਰ (ਡਿਪਟੀ ਕਮਿਸ਼ਨਰ ਆਦਿ) ਨੂੰ ਕ੍ਰੋੜੀਆ ਕਿਹਾ ਜਾਂਦਾ ਸੀ।



ਕਲਾਨੌਰ ਦਾ 1000 ਸਾਲ ਪੁਰਾਣਾ ਸਥਾਨ ਜਿਥੇ ਸ਼ਿਵ ਮੰਦਰ ਦੀ ਇਮਾਰਤ ਮਹਾਰਾਜ ਰਣਜੀਤ ਸਿੰਘ ਨੇ ਸ਼ਹਿਜਾਦਾ ਖੜਕ ਸਿੰਘ ਰਾਂਹੀ ਬਣਵਾਈ।

ਦੁਨੀਚੰਦ ਕ੍ਰੋੜੀਆ ਮੂਲ ਵਿਚ ਲਹੌਰ ਦਾ ਰਹਿਣ ਵਾਲਾ ਧੁੱਪੜ ਗੋਤ ਖੱਤਰੀ ਸੀ। ਇਹਦਾ ਘਰ ਲਹੌਰ ਦੇ ਚੁਹੱਟਾ ਜਵਾਹਰ ਮੱਲ, ਮੁਫਤੀ ਬਾਕਰ ਦੀ ਕਬਰ ਨੇੜੇ ਸੀ। ਓਥੇ ਅਜਕਲ ਗੁਰਦੁਆਰਾ ਸਾਹਿਬ ਮੌਜੂਦ ਹੈ। ਇਹਦੇ ਬਾਬਤ ਹੋਰ ਵੀ ਇੱਕ ਸਾਖੀ ਆਉਣੀ ਹੈ ਜਦੋਂ ਇਸ ਨੇ ਆਪਣੇ ਪਿਤਾ ਦਾ ਸਰਾਧ ਕੀਤਾ ਸੀ। ਦੁਨੀਚੰਦ ਦੀ ਅੰਸ ਵਿਚੋਂ ਹੀ ਅੱਗੇ ਭਗਤ ਰਾਮ ਹੋਇਆ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਬਖਸ਼ੀ ਸੀ।

⊙ ਰਾਵੀ ਦਰਿਆ ਤੋਂ 7 ਕਿ. ਮੀ. ਦੱਖਣ ਕਲਾਨੌਰ ਮੱਧਕਾਲ ਦਾ ਮਸ਼ਹੂਰ ਸ਼ਹਿਰ ਹੋਇਆ ਹੈ। ਉੱਚੇ ਟਿੱਬੇ ਤੇ ਵਾਕਿਆ ਇਸ ਸ਼ਹਿਰ ਦੇ ਲਾਗੋਂ ਕਿਰਨ ਨਾਲਾ ਗੁਜਰਦਾ ਹੈ। ਲੱਗਪਗ 1000 ਈ ਤੋਂ ਲੈ ਕੇ 1800 ਈ. ਤੱਕ ਇਸ ਸ਼ਹਿਰ ਦੀ ਚੜਤ ਰਹੀ ਹੈ। ਤਖਤ ਇ ਅਕਬਰੀ ਤੋਂ ਲੈ ਕੇ ਰਹੀਮਾਬਾਦ ਤੱਕ ਪੰਜ ਕਿ.ਮੀ. ਸ਼ਹਿਰ ਦੀ ਲੰਬਾਈ ਸੀ। ਅਕਬਰ ਦੀ ਤਾਜਪੋਸ਼ੀ ਵੀ ਇਥੇ ਹੋਈ ਹੈ। ਕਲਾਨੌਰ ਨਾਂ ਇਥੋਂ ਦੇ ਮਸ਼ਹੂਰ ਸ਼ਿਵ ਮੰਦਰ 'ਕਾਲੇਸ਼ਵਰ' ਕਰਕੇ ਪਿਆ। ਬੰਦਾ ਬਹਾਦਰ ਨੂੰ ਵੀ ਗੁਰਦਾਸ ਨੰਗਲ ਤੋਂ ਗ੍ਰਿਫਤਾਰ ਕਰਕੇ ਕੁਝ ਸਮਾਂ ਪਿੰਜਰੇ ਵਿਚ ਪਾ ਇਥੇ ਰਖਿਆ ਗਇਆ ਸੀ। 1947 ਦੀ ਵੰਡ ਵੇਲੇ ਇਥੋਂ ਦੀ ਅਬਾਦੀ ਜਿਆਦਾ ਮੁਸਲਮਾਨ ਸੀ ਜਿਹਨਾਂ ਨੂੰ ਪਾਕਿਸਤਾਨ ਹਿਜਰਤ ਕਰਨੀ ਪਈ। ਸਰਹੱਦ ਤੇ ਹੋਣ ਕਰਕੇ ਇਹ ਸ਼ਹਿਰ ਵਿਕਾਸ ਪੱਖੋ ਪਛੜ ਗਿਆ। ਅੱਜ ਇਹ ਗੁਰਦਾਸਪੁਰ ਜਿਲੇ ਦਾ ਮਾਮੂਲੀ ਠਾਣਾ ਬਣ ਕੇ ਹੀ ਰਹਿ ਗਇਆ ਹੈ।

◆ ਜਿਸ ਨੂੰ ਅੱਜ ਅਜਿਤੇ ਰੰਧਾਵੇ ਦਾ ਖੂਹ ਕਰਕੇ ਪ੍ਰਚਾਰਿਆ ਜਾਂਦਾ ਹੈ ਇਹ ਹੀ ਗੁਰੂ ਸਾਹਿਬ ਦੇ ਬਿਰਾਜਣ ਦਾ ਪਹਿਲਾ ਅਸਥਾਨ ਹੈ। ਗਿਆਨੀ ਗਿਆਨ ਸਿੰਘ (ਗੁਰਧਾਮ ਸੰਗ੍ਰਹਿ) ਨੇ ਲਿਖਿਆ ਹੈ ਬੇਦੀਆਂ ਨੇ 8000 ਵਿਘੇ ਜਮੀਨ ਰੰਧਾਵਿਆਂ ਕੋਲੋਂ ਖਰੀਦ ਲਈ ਸੀ। ਸੋ ਜਿੱਥੇ ਗੁਰੂ ਸਾਹਿਬ ਪਹਿਲੀ ਵਾਰ ਆ ਕੇ ਬਿਰਾਜੇ ਸਨ। ਅੱਜ ਇਹ ਗੁਰਦੁਆਰਾ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਨਾਂ ਨਾਲ ਪ੍ਰਸਿੱਧ ਹੈ। ਜਿਸ ਬਾਰੇ ਵਿਸਥਾਰ ਅੱਗੇ ਆਏਗਾ। ਬੇਦੀ ਦਿਲਜੀਤ ਸਿੰਘ ਅਨੁਸਾਰ ਜੋ ਮੌਜੂਦਾ ਖੂਹ ਹੈ ਉਹ ਬੇਦੀਆਂ ਨੇ ਬਾਦ ਵਿਚ ਲਵਾਇਆ ਸੀ। ਅਜਿਤੇ ਰੰਧਾਵੇ ਵਾਲੀਆਂ ਖੂਹੀਆਂ ਤਾਂ ਕਾਰਸੇਵਾ ਵਾਲੇ ਬਾਬੇ ਨੇ ਢਾਹ ਦਿੱਤੀਆਂ ਸਨ।

ਇਹ ਵੀ ਖਿਆਲ ਆਉਂਦਾ ਹੈ ਕ੍ਰੋੜੀਏ ਨੇ ਖੁੱਦ ਹੀ ਗਰਾਂਟ ਦਿੱਤੀ ਹੋਵੇ। ਪਰ ਧਿਆਨ ਰਹੇ ਉਹ ਕ੍ਰੋੜੀਆ ਸੀ ਭਾਵ ਅਫਸਰ ਸੀ। ਰਾਜਾ ਨਹੀ ਸੀ। ਰਾਜਾ ਇਲਾਕੇ ਦੇ ਮਾਲਕ ਹੁੰਦਾ ਹੈ। ਅਫਸਰ ਸਿਰਫ ਹੁਕਮ ਦੀ ਤਾਮੀਲ ਕਰਾਉਂਦਾ ਹੈ।



# ਤੀਸਰੀ ਉਦਾਸੀ

## ਭਾਗ–1. ਹਿਮਾਚਲ ਤੇ ਸੁਮੇਰ

### ਬਾਬਾ ਜਾ ਚੜ੍ਹਿਆ ਦੁਨੀਆ ਦੀ ਛੱਤ ਤੇ

### 1. ਹਿਮਾਚਲ ਦੀਆਂ ਪਹਾੜੀਆਂ ਤੇ

◉ ਸਿਧਾਂਤ ਅਨੁਸਾਰ ਹਿੰਦੂ ਦੇ 68 ਤੀਰਥਾਂ ਦੀ ਯਾਤਰਾ ਤਾਂ ਸਫਲ ਹੁੰਦੀ ਹੈ ਜੇ ਉਹ ਚਾਰੇ ਕੁੰਟਾਂ (ਧਾਮਾਂ) ਦੇ ਅਸਥਾਨਾਂ ਦੇ ਦਰਸ਼ਨ ਕਰੇ, ਭਾਵ ਉਤਰ, ਪੂਰਬ, ਦੱਖਣ ਅਤੇ ਪੱਛਮ ਦੇ ਸਭ ਪ੍ਰਸਿੱਧ ਸਥਾਨਾਂ ਦੇ। ਅਖੇ ਜਿੰਨਾਂ ਚਿਰ ਸੁਮੇਰ ਕੁਮੇਰ ਦੀ ਪਰਦਖਣਾ ਨਹੀ ਕਰਦੇ ਉਨਾਂ ਚਿਰ ਯਾਤਰਾ ਸੰਪੂਰਨ ਨਹੀ।

ਹਿੰਦੂ ਧਰਮ ਦਾ ਵੱਡਾ ਹਿੱਸਾ ਹਿਮਾਲਿਆ ਵਿੱਚ ਲੁਕਿਆ ਰਹਿੰਦਾ ਸੀ। ਹਜ਼ਾਰਾਂ ਸਾਧੂ ਸੰਤ ਹਿਮਾਲਿਆ ਦੀ ਗੋਦ ਵਿੱਚ ਦੁਨੀਆ ਦੀਆਂ ਨਜਰਾਂ ਤੋ ਉਹਲੇ ਹੋ, ਜਪ-ਤਪ ਵਿੱਚ ਲੱਗੇ ਰਹਿੰਦੇ ਸਨ। ਗੁਰੂ ਸਾਹਿਬ ਨੇ ਸੋਚਿਆ ਕਿ ਉਹਨਾਂ ਦਾ ਭਾਰਤ ਭਰਮਣ ਅਧੂਰਾ ਰਹਿ ਜਾਏਗਾ ਜੇ ਹਿਮਾਲੀਆਂ ਦੀ ਗੋਦ ਵਿੱਚ ਵੱਸੇ ਸਾਧੂਆਂ ਸੰਤਾਂ ਤੇ ਹੋਰ ਲੋਕਾਈ ਨੂੰ ਇੱਕ ਓਕਾਰ ਸਰਬਵਿਆਪਕ ਰੱਬ ਨਾਲ ਨਾ ਜੋੜਿਆ ਗਇਆ ਤਾਂ। ਦੂਸਰਾ ਪੰਜਾਬੀਆਂ ਦੀ ਗੰਗਾ ਤਾਂ ਹਿਮਾਚਲ ਦੇ ਪਹਾੜਾਂ ਵਿੱਚ ਵਸਦੀ ਹੈ। ਓਥੇ ਇਹਨਾਂ ਦੇ ਸ਼ਕਤੀ ਪੀਠ ਹਨ ਅਤੇ ਓਥੇ ਹੀ ਜਯੋਤੀਲਿੰਗ। ਸੋ ਇਹ ਕਿਵੇ ਹੋ ਸਕਦਾ ਹੈ ਕਿ ਸਾਹਿਬ ਆਲੇ ਬੰਗਾਲੇ ਸਭ ਫਿਰ ਆਉਣ ਪਰ ਪੰਜਾਬ ਨਾਲ ਸਬੰਧਤ ਸਥਾਨ ਛੱਡ ਦੇਣ। ◆

ਧੁਰ ਹਿਮਾਲਿਆ ਵਿੱਚ, ਸਾਰਾ ਸਾਲ ਜੰਮੇ ਰਹਿਣ ਵਾਲੇ ਇਲਾਕੇ ਵਿੱਚ ਹੀ ਹੈ ਸੁਮੇਰ ਜਾਂ ਮੇਰ ਪਰਬਤ ਜਿਸ ਨੂੰ ਅੱਜ ਕਲ੍ਹ ਕੈਲਾਸ਼ ਮਾਨਸਰੋਵਰ ਕਹਿੰਦੇ ਹਨ। ਭਾਈ ਗੁਰਦਾਸ ਤੇ ਹੋਰ ਲਿਖਾਰੀਆਂ ਨੇ ਇਥੇ ਗੁਰੂ ਸਾਹਿਬ ਦੀ ਸਿੱਧ ਜੋਗੀਆਂ ਨਾਲ ਗੋਸ਼ਟ ਹੋਣੀ ਦੱਸੀ ਹੈ।

ਐਤਕਾਂ ਵਾਲੀ ਗੁਰੂ ਸਾਹਿਬ ਦੀ ਉਦਾਸੀ ਸਭ ਤੋਂ ਕਠਣ ਹੋਣ ਵਾਲੀ ਸੀ। ਇਕ ਤਾਂ ਦੁਨੀਆ ਦੇ ਸੱਭ ਤੋਂ ਉੱਚੇ ਪਹਾੜ ਤੇ ਦੂਸਰਾ ਅੱਤ ਦੀ ਠੰਡ। ਹਿਮਾਚਲ ਵਿੱਚ ਪਹਿਲੇ ਹੀ ਜੋਗੀ ਮੱਠ ਵਿੱਚ ਪਹੁੰਚੇ ਤਾਂ ਜਦੋਂ ਗੁਰੂ ਸਾਹਿਬ ਨੇ ਦੱਸਿਆ ਕਿ ਮੇਰਾ ਇਰਾਦਾ ਸੁਮੇਰ ਪਰਬਤ ਤੱਕ ਜਾਣ ਦਾ ਹੈ। ਅੱਗੋ ਗੋਰਖਪੰਥੀ ਮਹੰਤ ਨੇ ਉਪਦੇਸ ਦਿੱਤਾ■:-

ਕਵਨ ਰੂਪ ਕਵਨ ਜਾਤ ਤੁਮਾਰੀ। ਕਹੁ ਕਾਹਾ ਕੇ ਲੇਹੁ ਉਡਾਰੀ।
ਨਾ ਆਗੇ ਧਰਨ, ਰਹੋਗੇ ਕਹਾਂ। ਸੀਤਲ ਜਲ, ਹਿਮ ਵਰਸੈ ਹੈ ਤਹਾਂ।
ਨਾ ਆਗੇ ਮਗ ਪੀਛੇ ਉਠਿ ਭਾਗੋ। ਨਿਕਲ ਜਾਓ ਕਾਹੇ ਦੁਖ ਲਾਗੋ।
ਝਿਲ ਮਿਲ ਕਾਰ ਝਲਕੇ ਝਲਕਾਰਾ। ਤਹਾਂ ਸਰਾ ਪਰਾ ਪਹੁਚਨ ਹਾਰਾ।

ਗੁਰੂ ਸਾਹਿਬ ਨੇ ਮਹੰਤ ਨੂੰ ਕੁਝ ਇਉ ਜਵਾਬ ਦਿੱਤਾ। (ਕਵੀ ਦੇ ਸਬਦਾ ਵਿੱਚ):-

ਸਬਦਿ ਰੂਪ ਅੰਗ ਰੂਪ ਹੈ ਸਾਰਾ।
ਜਾਤ ਹਮਾਰੀ ਅਚਰਜ ਕਹੀਐ ਜਹਾਂ ਨ ਦਿਨ ਨ ਰਾਤੀ।
ਪੀਛੇ ਆਗੇ ਦ੍ਰਿਸਟ ਹਮਾਰੀ ਧਰਨ ਅਕਾਸੁ ਪਸਾਰਾ।
ਦਇਆ ਹਮਾਰੀ ਸੀਤ ਹਿਮੰਚਲ ਤਿਨ ਸੰਗ ਰਹਿਨ ਹਮਾਰਾ।
ਕਹੇ ਨਾਨਕ ਸੁਣ ਗੋਰਖ ਜੋਗੀ ਤੈ ਪੂਰਾ ਜੋਗ ਨ ਪਾਇਆ।
ਜੁਗਤ ਨ ਜਾਨੀ ਅਉਧ ਵਿਹਾਣੀ ਬਿਰਥਾ ਜਨਮ ਗਵਾਇਆ।



ਸੁਮੇਰ ( ਕੈਲਾਸ਼ ਪਰਬਤ)

ਇਸ ਪਹਾੜੀ ਯਾਤਰਾ ਦੌਰਾਨ ਜੋਗੀਆਂ ਨਾਲ ਜੋ ਵਾਰਤਾਲਾਪ ਹੋਈ ਉਸ ਤੇ ਗੁਰੂ ਸਾਹਿਬ ਨੇ ਬਾਣੀ ਹੀ ਰਚ ਦਿੱਤੀ ਜੋ ਰਾਮਕਲੀ ਵਿੱਚ ਸਿਧ ਗੋਸਟਿ ਦੇ ਰੂਪ ਵਿੱਚ ਅੱਜ ਸਾਡੇ ਕੋਲ ਅੰਗ 938 ਤੇ ਗੁਰੂ ਗ੍ਰੰਥ ਸਾਹਿਬ ਵਿੱਚ ਸ਼ੁੱਸ਼ੋਭਿਤ ਹੈ। ਬਾਲਾ ਜਨਮ ਸਾਖੀ ਅਨੁਸਾਰ ਇਹ ਗੋਸਟੀ ਵੱਖ ਵੱਖ ਪਹਾੜਾਂ ਦੇ ਜੋਗੀ ਮੱਠਾਂ ਤੇ ਹੋਈ। ਪਰ ਬਦਕਿਸਮਤੀ ਨਾਲ ਬਾਲਾ ਜਨਮਸਾਖੀ ਵਿੱਚ ਥਾਵਾਂ ਜਾਂ ਪਹਾੜਾਂ ਦੇ ਨਾਂ ਮਨਘੜ੍ਹਤ ਜਿਹੇ ਦਿੱਤੇ ਹਨ। ਇੱਕ ਦੋ ਨੂੰ ਛੱਡ ਬਾਕੀ ਸਥਾਨ ਪਛਾਨਣੇ ਮੁਸ਼ਕਲ ਹਨ। ਉਂਜ ਲੱਗਪੱਗ ਓਨੇ ਹੀ ਸਥਾਨ ਦਿਖਾਏ ਹਨ ਜਿੰਨੇ ਕੁ ਇਸ ਜਨਮਸਾਖੀ ਵਿੱਚ ਦਿੱਤੇ ਜਾ ਰਹੇ ਹਨ। ਇਸ ਜਿੰਦਗੀਨਾਮਾ ਪੁਸਤਕ ਵਿੱਚ ਇਹ ਗੋਸਟ ਥਾਂ ਥਾਂ ਤੇ ਟੁਕੜਿਆਂ ਵਿੱਚ ਦੇਣ ਬਿਜਾਏ ਇਕੋ ਥਾਂ ਸਿਧ ਗੋਸਟਿ ਸਿਰਲੇਖ ਹੇਠ ਦਿੱਤੀ ਜਾ ਰਹੀ ਹੈ।

ਜਨਮ ਸਾਖੀਆਂ ਵਿੱਚ ਆਉਦਾ ਹੈ ਕਿ ਇਨਾਂ ਪਹਾੜਾਂ ਤੇ ਬਹੁਤ ਬਹੁਤ ਵੱਡੀਆਂ ਉਮਰਾਂ ਦੇ ਜੋਗੀ ਤਪੱਸਿਆ ਕਰਦੇ ਹੁੰਦੇ ਸਨ। ਵਿਗਿਆਨਕ ਤੌਰ ਤੇ ਵੀ ਇਹ ਗੱਲ ਸੱਚੀ ਲੱਗਦੀ ਹੈ ਕਿਉਕਿ ਜਦੋਂ ਕੋਈ ਜਾਨਵਰ 24 ਘੰਟਿਆਂ ਵਿੱਚ ਲਏ ਜਾਣ ਵਾਲੇ ਕੁੱਲ ਸਾਹਾਂ ਦੀ ਗਿਣਤੀ ਘਟਾ ਦੇਵੇ ਤਾਂ ਉਹਦੀ ਉਮਰ ਵੱਧ ਜਾਂਦੀ ਹੈ। ਪਰ ਅਜਿਹਾ ਕਰਨ ਵਾਸਤੇ ਤੁਹਾਨੂੰ ਸ਼ਾਂਤ ਚਿਤ ਬਿਨਾਂ ਹਿਲੇ ਡੁੱਲੇ ਬਹਿਣਾ ਪੈਂਦਾ ਹੈ। ਹਿਮਾਲੀਆ ਤੇ ਜਿੱਥੇ ਏਨੀ ਠੰਡ ਪੈਂਦੀ ਹੈ ਜੋਗੀ ਆਪਣੇ ਘੋਰਨਿਆਂ ਵਿੱਚ ਵੜ੍ਹ ਬਿਨਾਂ ਸਰੀਰਕ ਕ੍ਰਿਆ ਦੇ ਪਏ ਰਹਿੰਦੇ ਸਨ। ਫਿਰ ਇਨਾਂ ਜੋਗੀਆਂ ਨੂੰ ਆਪਣੀਆਂ ਲੰਮੀਆਂ ਉਮਰਾਂ ਦਾ ਮਾਣ ਵੀ ਹੁੰਦਾ ਸੀ। ਜਦੋਂ ਗੁਰੂ ਸਾਹਿਬ ਇਸ ਇਲਾਕੇ ਵਿੱਚ ਗਏ ਤਾਂ ਉਨਾਂ ਦੀ ਉਮਰ ਸਿਰਫ 50 ਸਾਲ ਸੀ। ਗੁਰੂ ਸਾਹਿਬ ਤੇ ਜੋਗੀਆਂ ਵਿੱਚ ਹੋਈ ਵਾਰਤਾਲਾਪ ਵਿੱਚ ਜੋਗੀ ਗੁਰੂ ਸਾਹਿਬ ਨੂੰ ਬਾਲ ਕਹਿ ਕੇ ਸੰਬੋਧਨ ਕਰਦੇ ਹਨ ਕਿ ਤੂੰ ਤਾਂ ਅਜੇ ਬੱਚਾ ਹੈਂ।

ਹਿਮਾਲਿਆ ਭਾਵ ਬਰਫ ਦਾ ਘਰ। ਜਿਸ ਦਾ ਕੁਲ ਰਕਬਾ 595000 ਵਰਗ ਕਿ. ਮੀ. ਤਾਂ ਕਈ ਮੁਲਕਾਂ ਨਾਲੋ ਵੀ ਵੱਡਾ ਹੈ। ਹਿਮਾਲੀਆਂ ਪਹਾੜੀਆਂ ਦੀ ਮਾਲਾ ਕੁਲ 2550 ਕਿਲੋ ਮੀਟਰ (1500 ਮੀਲ) ਲੰਮੀ ਹੈ। ਹਿਮਾਲੀਆ ਪਹਾੜੀ ਮਾਲਾ ਦੀ ਚੌੜਾਈ 200 ਕਿ. ਮੀ ਤੋਂ 400 ਕਿ.ਮੀ ਤੱਕ ਹੋ ਜਾਂਦੀ ਹੈ। ਹਿਮਾਲੀਆ ਵਿੱਚ ਕੋਈ 110 ਤਾਂ ਅਜਿਹੀਆਂ ਪਹਾੜੀਆਂ ਹਨ ਜੋ 24000 ਫੁੱਟ ਤੋਂ ਜਿਆਦਾ ਉੱਚੀਆਂ ਹਨ। ਦੁਨੀਆ ਦੀ ਸਭ ਤੋਂ ਉੱਚੀ ਪਹਾੜੀ ਮਾਊਟ ਐਵਰੈਸਟ ਵੀ ਏਸੇ ਮਾਲਾ ਵਿੱਚ ਹੈ। ਠੰਡ ਐਨੀ ਕੁ ਹੱਡ ਚੀਰਵੀ ਕਿ ਹਿਮਾਲਿਆ ਦੇ ਅੰਦਰੂਨ ਹਿੱਸਿਆ ਵਿੱਚ ਸਿਰਫ ਗਰਮੀਆਂ ਦੀ ਰੁੱਤੇ ਹੀ ਜਾਇਆ ਜਾ ਸਕਦਾ ਹੈ।

ਗੁਰੂ ਸਾਹਿਬ ਨੇ ਹਿਮਾਲਿਆ ਵਿੱਚ ਮੌਜੂਦ ਹਿੰਦੂ ਮਤ ਦੇ ਲੱਗ ਪਗ ਸਾਰੇ ਕੇਂਦਰ ਵੇਖੇ ਤੇ ਲੋਕਾਂ ਨੂੰ ਕੁਬੁੱਧ ਕਰਨ ਤੋਂ ਵਰਜ ਕੇ ਇੱਕ ਨਿਰੰਕਾਰ ਦੇ ਲੜ ਲਾਇਆ ਸੀ।

ਗੁਰੂ ਸਾਹਿਬ ਨਵੰਬਰ 1518 ਨੂੰ ਪੱਖੋਕਿਆਂ ਤੋਂ ਰਵਾਨਾ ਹੋਏ ਸਨ। ਜਦੋਂ ਸਾਹਿਬ ਰਵਾਨਾ ਹੋਣ ਲੱਗੇ ਤਾਂ ਓਧਰ ਕੁਲਖੇਤਰ ਦਾ ਸੂਰਜ ਗ੍ਰਹਿਣ ਮੇਲਾ ਵੀ ਆ ਗਇਆ। ਸਾਹਿਬ ਨੇ ਸੋਚਿਆ ਕਿ ਮੇਲਾ ਵੀ ਵੇਖਦੇ ਹੀ ਜਾਇਆ ਜਾਏ। ਹਾਲਾਂ ਉਹ ਕੁਲਖੇਤਰ ਪਹਿਲਾਂ ਵੀ ਜਾ ਚੁੱਕੇ ਸਨ।

ਐਤਕਾਂ ਗੁਰੂ ਸਾਹਿਬ ਨਾਲ ਮਰਦਾਨੇ ਤੋਂ ਇਲਾਵਾ ਹੱਸੂ ਲੁਹਾਰ ਤੇ ਸ਼ੀਹਾਂ ਛੀਬਾ ਸਨ।* ਲੱਗਦਾ ਹੈ ਕਿ ਹੱਸੂ ਤੇ ਸ਼ੀਹਾਂ ਨੇ ਵੀ ਗੁਰੂ ਸਾਹਿਬ ਦਾ ਸਾਥ ਕੁਝ ਦੂਰੀ ਤੱਕ ਹੀ ਦਿੱਤਾ ਅਤੇ ਇਹ ਦੋਵੇਂ ਹੀ ਰਸਤੇ ਤੋਂ ਹੀ ਵਾਪਸ ਪਰਤ ਆਏ ਸਨ। ਹੋ ਸਕਦੈ ਉਹ ਭਰਮੌਰ ਜਾਂ ਕੁਲੂ ਤੋਂ ਪਰਤ ਆਏ ਹੋਣ। ਭਾਈ ਬਾਲੇ ਵਾਲੀ ਸਾਖੀ ਮੁਤਾਬਿਕ ਇਹ ਉਦਾਸੀ ਛੋਟੀ ਜਿਹੀ ਸੀ। ● ਗੁਰੂ ਸਾਹਿਬ ਦੀ ਜੋ ਸਿੱਧਾਂ ਨਾਲ ਗੋਸ਼ਟਿ ਹੋਈ ਉਸ ਤੋਂ ਇਹੋ ਲੱਗਦਾ ਹੈ ਕਿ ਧੁਰ ਸੁਮੇਰ ਤੇ ਪਹੁੰਚਣ ਵੇਲੇ ਉਹਨਾਂ ਨਾਲ ਮਰਦਾਨਾ ਵੀ ਨਹੀ ਸੀ। ਬਾਲਾ ਜੋ ਗੱਪ ਮਾਰ ਕੇ ਹਰ ਥਾਂ ਕਹਿੰਦਾ ਕਿ ਫਲਾਣੇ ਥਾਂ ਵੀ ਮੈਂ ਗੁਰੂ ਸਾਹਿਬ ਦੇ ਨਾਲ ਹੀ ਸੀ। ਪਰ ਸੁਮੇਰ ਪਰਬਤ ਬਾਬਤ ਉਹ ਮੰਨਦਾ ਹੈ ਕਿ ਮੈਂ ਤੇ ਮਰਦਾਨਾ ਓਦੋਂ ਗੁਰੂ ਸਾਹਿਬ ਦੇ ਨਾਲ ਨਹੀ ਸਾਂ। ਉਹ ਲਿਖਦਾ ਹੈ:-

ਮਰਦਾਨਾ ਈਨਾ ਪਰਬਤ ਰਹਿਆ
ਬਾਲਾ ਖੰਡ ਪਰਬਤ ਪਰ ਗਇਆ।
ਨਾਨਕ ਧੁਰ ਪਹੁੰਚੇ ਦਰਬਾਰ।
ਜਹਾਂ ਤਖਤ ਬੈਠਾ ਨਿਰੰਕਾਰ। (ਪੰ. 241 ਬਾਲਾ)

ਇਹ ਵੀ ਹੋ ਸਕਦਾ ਹੈ ਅਜਿਹੇ ਕਠਿਨ ਰਾਹ ਤੇ ਗੁਰੂ ਸਾਹਿਬ 'ਪਵਨ ਰੂਪ' ਹੋ ਕੇ ਓਥੇ ਪਹੁੰਚੇ ਹੋਣ।







ਗੁਰੂ ਸਾਹਿਬ ਦੀ ਹਿਮਾਲਿਆ ਯਾਤਰਾ ਭਾਗ -1 ਦੇ ਸਥਾਨ।

ਉਤੇ ਦਿਤੇ ਨਕਸ਼ੇ ਤੋਂ ਤੁਸੀ ਅੰਦਾਜ਼ਾ ਲਾਓ ਕਿ ਹਿਮਾਚਲ ਤੋਂ ਸੁਮੇਰ ਜਾਂ ਕੈਲਾਸ਼ ਮਾਨਸਰੋਵਰ ਕਿੰਨਾ ਦੂਰ ਹੈ ( ਨੱਕ ਦੀ ਸੇਧ: 390 ਕਿ. ਮੀ) ਹੈ ਵੀ ਸਾਰਾ ਉਚ ਪਹਾੜੀ ਇਲਾਕਾ। ਹੇਠਾਂ ਹਿਮਾਚਲ ਪ੍ਰਦੇਸ ਦੇ ਉਹ ਅਸਥਾਨ ਜਿੱਥੇ ਜਿੱਥੇ ਸਾਹਿਬ ਨੇ ਕੌਤਕ ਵਰਤਾਏ।

ਹੱਡ ਚੀਰਵੀ ਠੰਡ ਹੋਣ ਕਾਰਨ ਗੁਰੂ ਸਾਹਿਬ ਨੇ ਐਤਕਾਂ ਵਾਲਾਂ ਵਾਲੇ ਚੰਮ (ਫਰ) ਵਾਲੀ ਪੌਸ਼ਾਕ ਪਹਿਨੀ ਸੀ। ਯਾਕ ਦੀ ਖੱਲ ਦੀ ਪੌਸ਼ਾਕ ਤਾਂ ਕਹਿੰਦੇ ਠੰਡ ਵਿੱਚ ਵੀ ਪਸੀਨੇ ਛੁਡਾ ਦਿੰਦੀ ਹੈ। ਉਂਜ ਬਾਕੀ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਹਿਮਾਲੀਆਂ ਦੀ ਯਾਤਰਾ ਵੇਲੇ ਮਰਦਾਨਾ ਹਰ ਥਾਂ ਉਨਾਂ ਦੇ ਨਾਲ ਸੀ। ◘

ਤੀਸਰੀ ਉਦਾਸੀ ਵੇਲੇ ਗੁਰੂ ਸਾਹਿਬ ਨੇ ਕਿਹੜਾ ਰਾਹ (ਰੂਟ) ਅਪਣਾਇਆ ਇਹ ਅੱਜ ਵੀ ਬੁਝਾਰਤ ਬਣੀ ਹੋਈ ਹੈ। ਥਾਂ ਥਾਂ ਤੇ ਬਣੀਆਂ ਯਾਦਗਾਰਾਂ ਤੋਂ ਵਿਦਵਾਨ ਲੋਕ ਉਹਨਾਂ ਦਾ ਰੂਟ ਤਹਿ ਕਰਦੇ ਆਏ ਹਨ। ਪਰ ਹਿਮਾਲੀਆਂ ਦੀ ਕਠਿਨ ਯਾਤਰਾ ਤੋਂ ਉਪਰੰਤ ਗੁਰੂ ਸਾਹਿਬ ਦੇ ਸਿੱਖ ਉਹਨਾਂ ਬਾਗ ਬਗੀਚਿਆਂ ਨੂੰ ਪਾਣੀ ਦੇਣ ਤੋਂ ਅਸਫਲ ਰਹੇ ਜੋ ਗੁਰੂ ਸਾਹਿਬ ਨੇ ਪਹਾੜਾਂ ਵਿੱਚ ਲਾਏ ਸਨ। ਇਸ ਗੱਲ ਵਿੱਚ ਕੋਈ ਹੈਰਾਨੀ ਨਹੀ ਹੁੰਦੀ ਕਿ ਸਿੱਕਮ ਦੇ ਇਲਾਕੇ ਵਿੱਚ ਗੁਰੂ ਸਾਹਿਬ ਦਾ ਪਵਿਤ੍ਰ ਨਾਂ ਬੋਧੀ ਲਾਮਿਆਂ ਨਾਲ ਰਲ ਗੱਡ ਹੋ ਚੁੱਕਾ ਹੈ। ਕਿਤੇ (ਤਿੱਬਤ) ਬਾਬੇ ਨੂੰ ਰਿਮਪੋਚੇ ਜਾਂ ਨਾਨਕ ਲਾਮਾ ਕਿਹਾ ਜਾਂਦਾ ਹੈ ਕਿਤੇ ਨਾਨਕ ਰਿਸ਼ੀ (ਨੇਪਾਲ)।

ਤੀਸਰੀ ਉਦਾਸੀ ਵੇਲੇ ਗੁਰੂ ਸਾਹਿਬ ਅੱਜ ਦੇ ਜੰਮੂ ਕਸ਼ਮੀਰ, ਹਿਮਾਚਲ, ਅਤੇ ਤਿੱਬਤ ਦੇ ਉੱਤਰ-ਪੱਛਮ ਦੇ ਇਲਾਕੇ ਭਾਵ ਲੇਹ ਲਦਾਖ ਹਿਮਾਚਲ ਉਤਰਾਖੰਡ ਦੇ ਨਾਲ ਲੱਗਦੇ ਤਿਬਤ ਤੱਕ ਰਹੇ। ਗੁਰੂ ਸਾਹਿਬ ਨੇਪਾਲ, ਭੂਟਾਨ, ਸਿੱਕਮ, ਅਸਾਮ ਤੇ ਅਜ ਦੇ ਅਰੁਨਾਚਲ ਪ੍ਰਦੇਸ ਨੂੰ ਪਹਿਲੀ ਉਦਾਸੀ ਵੇਲੇ ਗਾਹ ਚੁੱਕੇ ਸਨ। ✚

ਗੁਰਬਾਣੀ ਤੋਂ ਜੋ ਸਾਨੂੰ ਇਸ਼ਾਰਾ ਮਿਲਦਾ ਹੈ ਉਸ ਮੁਤਾਬਿਕ ਗੁਰੂ ਸਾਹਿਬ ਪੱਖੋਕਿਆਂ ਤੋਂ ਪਹਿਲਾਂ ਸੁਲਤਾਨਪੁਰ ਜਾਂਦੇ ਹਨ।**** ਓਥੋ ਸਤਲੁਜ ਪਾਰ ਕਰਕੇ ਅੱਜ ਦੇ ਲੁਧਿਆਣੇ ਥਾਂਣੀ ਹੁੰਦੇ ਹੋਏ ਕੁਲਖੇਤ੍ਰ, ਪਿੰਜੌਰ, ਕੀਰਤਪੁਰ, ਦਿਓੜਸਿੱਧ, ਜਵਾਲਾਜੀ, ਕਾਂਗੜਾ, ਬੈਜਨਾਥ, ਰਿਵਾਲਸਰ, ਮੰਡੀ, ਕੁਲੂ, ਮਨੀਕਰਣ, (ਮਨਾਲੀ) ਤਿਰਲੋਕ ਨਾਥ, ਭਰਮੌਰ, ਤਿਰਲੋਕ ਨਾਥ, ਜ਼ੰਸਕਾਰ ਇਲਾਕਾ ਤਿਬਤ ਤੇ ਫਿਰ ਕੈਲਾਸ਼ ਮੰਦਰ।***

ਗੁਰੂ ਜੀ ਨੇ ਇਹ ਯਾਤਰਾ ਨਵੰਬਰ ਦੇ ਅੰਤਲੇ ਹਫਤੇ ਸ਼ੁਰੂ ਕੀਤੀ ਕਿਉਂਕਿ ਪਹਿਲੀ ਦਸੰਬਰ 1518 ਨੂੰ ਸੂਰਜ ਗ੍ਰਹਿਣ ਸੀ। ◈

-----◈-----

## ਲੁਧਿਆਣੇ ਨੂੰ ਆ ਤਾਰਿਆ ਬਾਬੇ ਨੇ

ਪੱਖੋਕਿਆਂ ਤੋਂ ਰਵਾਨਾ ਹੋ ਰਸਤੇ ਦੇ ਪਿੰਡਾਂ ਵਿਚ ਸਤਿਨਾਮ ਦਾ ਢਿੰਢੋਰਾ ਪਿੱਟਦੇ ਹੋਏ ਸਾਹਿਬ ਭੈਣ ਜੀ ਕੋਲ ਸੁਲਤਾਨ ਪੁਰ ਆ ਪਹੁੰਚੇ। ਇਥੇ ਦੋ ਚਾਰ ਦਿਨ ਰਹਿ ਅੱਗੇ ਫਿਲੌਰ ਕਸਬੇ ਦੇ ਲਾਗੋਂ ਗੁਰੂ ਸਾਹਿਬ ਨੇ ਸਤਲੁਜ ਪਾਰ ਕੀਤਾ। ਓਨੀ ਦਿਨੀ ਲੁਧਿਆਣਾ ਛੋਟਾ ਜਿਹਾ ਕਸਬਾ ਸੀ ਤੇ ਇਸ ਦਾ ਨਾਂ 'ਮੀਰ ਹੋਤਾ' ਸੀ। ਪਰ ਫਿਲੌਰ ਨਾਲੋ ਇਥੋਂ ਦੀ ਸਥਾਨਕ ਹਕੂਮਤ ਵੱਖਰੀ ਸੀ। ਫਿਲੌਰ ਸੁਲਤਾਨਪੁਰ ਲੋਧੀ ਰਿਆਸਤ ਤਹਿਤ ਸੀ ਜਦੋਂ ਕਿ ਲੁਧਿਆਣੇ ਵਿਖੇ ਦਿੱਲੀ ਦੇ ਬਾਦਸ਼ਾਹ ਸਿਕੰਦਰ ਲੋਧੀ ਨੇ ਆਪਣੇ ਵਿਸ਼ਵਾਸ਼ ਪਾਤਰ ਯੂਸਫ ਖਾਂ ਤੇ ਨਿਹੰਗ ਖਾਂ ਪਠਾਣ ਬੈਠਾਏ ਹੋਏ ਸਨ। ਇਨਾਂ ਪਠਾਣਾਂ ਨੇ ਬਾਦਸ਼ਾਹ ਦੀ ਖਿਦਮਤ ਵਿੱਚ ਇਸ ਸ਼ਹਿਰ ਦਾ ਨਾਂ ਲੋਧੀਆਣਾ ਰੱਖ ਦਿੱਤਾ। ਯਾਦ ਰਹੇ ਜਰਨੈਲੀ ਸੜ੍ਹਕ ਸਤਲੁਜ ਦੇ ਪੱਤਣ ਤੇ ਹੋਣ ਕਰਕੇ ਸ਼ਹਿਰ ਦੀ ਵਪਾਰਕ ਤੇ ਫੌਜੀ ਅਹਿਮੀਅਤ ਵੱਧ ਰਹੀ ਸੀ। ਓਦੋਂ ਫਿਲੌਰ ਵੀ ਬਰਾਬਰ ਦੀ ਹੈਸੀਅਤ ਦਾ ਕਸਬਾ ਸੀ।

ਗੁਰੂ ਸਾਹਿਬ ਨੇ ਜਦੋਂ ਇਥੇ ਚਰਨ ਪਾਏ ਤਾਂ ਨਿਹੰਗ ਖਾਂ (ਨਾਂ ਜਲਾਲ ਖਾਂ ਵੀ ਮਿਲਦਾ ਹੈ) ਬੜੇ ਆਦਰ ਸਤਿਕਾਰ ਨਾਲ ਗੁਰੂ




ਗੁਰਦੁਆਰਾ ਗਊ ਘਾਟ, ਲੁਧਿਆਣਾ

ਸਾਹਿਬ ਨੂੰ ਮਿਲਿਆ। ਯਾਦ ਰਹੇ ਓਦੋਂ ਤੱਕ (1518 ਈ. ਨਵੰਬਰ/ਦਸੰਬਰ) ਗੁਰੂ ਸਾਹਿਬ ਦੀ ਚਰਚਾ ਚਾਰੇ ਪਾਸੇ ਫੈਲ ਚੁੱਕੀ ਸੀ।

ਨਿਹੰਗ ਖਾਂ ਨੇ ਗੁਰੂ ਸਾਹਿਬ ਅੱਗੇ ਜਿਕਰ ਕੀਤਾ ਕਿ "ਇਹ ਕਸਬਾ ਤਾਂ ਬਹੁਤ ਟਿਕਾਣੇ ਸਿਰ ਹੈ ਪਰ ਇਧਰ ਨੂੰ ਦਰਿਆ ਮਾਰ

ਪੈੜ ਸਫਾ

⊙ਮੱਕੇ ਮਦੀਨੇ ਦੀ ਗੋਸ਼ਟਿ' -ਸਫਾ 48)     ■ ਬਾਲਾ -199

● ਬਾਲਾ -277 {ਤਾਂ ਓਥੋ (ਪੱਖੋਕੇ ਤੋਂ) ਗੁਰੂ ਨਾਨਕ ਜੀ ਕੁਲਖੇਤ੍ਰ ਦੀ ਉਦਾਸੀ ਨੂੰ ਗਏ} ਬਾਬੇ ਨੇ ਕਿਹਾ ਇੱਕ ਛੋਟੀ ਉਦਾਸੀ ਕਰ ਆਈਏ। ਸੋਢੀ-479- "ਜਿ ਤੂ ਬਰਸ ਪਿੱਛੈ ਆਇਆ ਹੈਂ ਜੀ"

✚ ਤਰਲੋਚਨ ਸਿੰਘ ਤੇ ਹੋਰ ਵੀ ਕਈਆਂ ਲਿਖਿਆ ਹੈ ਕਿ ਆਖਰੀ ਚੜਾਈ ਭਾਵ ਸੁਮੇਰ ਪਰਬਤ ਤੇ ਗੁਰੂ ਸਾਹਿਬ ਇਕੱਲੇ ਹੀ ਗਏ ਸਨ।     ◘ ਬੀ-40 ਪੰ. 126

◈ ਅਮਰੀਕਾ ਦੀ ਨਾਸਾ ਅਜੈਂਸੀ ਨੇ 1501 ਤੋਂ 1600 ਈ ਤੱਕ ਜਿੰਨੇ ਵੀ ਗ੍ਰਿਹਣ ਲੱਗੇ ਉਨਾਂ ਦਾ ਵਿਸਥਾਰ ਸਾਹਿਤ ਵਰਨਣ ਕੀਤਾ ਹੈ। ਜਿਸ ਮੁਤਾਬਿਕ 2 ਦਸੰਬਰ 1518 ਨੂੰ ਜੋ ਗ੍ਰਿਹਣ ਲੱਗਾ ਉਹ ਭਾਰਤ ਵਿੱਚ ਵੀ ਦਿਸਿਆ।

https://eclipse.gsfc.nasa.gov/SEcat5/SE1501-1600.html

* ਪੁਰਾਤਨ-170   ਓਨੀ ਦਿਨੀ ਲੰਮੀ ਯਾਤਰਾ ਤੇ ਨਿਕਲਣ ਦਾ ਕੁਝ ਜਵਾਨਾਂ ਦਾ ਸ਼ੌਕ ਹੋ ਸਕਦਾ ਹੈ। ਪਰ ਮਰਦਾਨਾ ਗੁਰੂ ਸਾਹਿਬ ਦੀ ਰੂਹਾਨੀਅਤ ਦੀ ਜਰੂਰਤ ਸੀ। ਗੁਰੂ ਸਾਹਿਬ ਦੀ ਮਦਦ ਤਾਂ ਇੱਕ ਗੱਲ ਮਰਦਾਨਾ ਸੰਗੀਤ ਦੀ ਜਰੂਰਤ ਪੂਰੀ ਕਰਦਾ ਸੀ। ਪਰ ਇਸ ਗੱਲ ਦਾ ਸਬੂਤ ਵੀ ਮਿਲਦਾ ਹੈ ਕਿ ਜਦੋਂ ਗੂਰੂ ਸਾਹਿਬ ਸੁਮੇਰ ਪਰਬਤ (ਕੈਲਾਸ਼ ਮਾਨ ਸਰੋਵਰ) ਪਹੁੰਚੇ ਸਨ ਓਦੋਂ ਉਹ ਇਕੱਲੇ ਹੀ ਸਨ।

* ਐਟਲਸ: ਫੌਜਾ ਸਿੰਘ ਕਿਰਪਾਲ ਸਿੰਘ - 16 :  ਨੇ ਗੁਰੂ ਸਾਹਿਬ ਦਾ ਸੁਲਤਾਨਪੁਰ ਤੋਂ ਰਵਾਨਾ ਹੋ ਕੀਰਤਪੁਰ, ਬਿਲਾਸਪੁਰ, ਮੰਡੀ, ਰੇਵਲਸਰ, ਜਵਾਲਾ ਜੀ, ਕਾਂਗੜਾ, ਬੈਜਨਾਥ, ਕੁੱਲੂ,  ਮਨੀਕਰਣ। ਫਿਰ ਹਮਤੂ ਦਰ੍ਰੇ ਰਾਂਹੀ ਸਪਿਤੀ ਦਾ ਇਲਾਕੇ ਵਿੱਚ ਵੜਦੇ ਹਨ। ਅਖੇ ਗੁਰੂ ਸਾਹਿਬ ਫਿਰ ਸਤਲੁਜ ਦਰਿਆ ਦੇ ਕੰਢੇ ਕੰਢੇ ਚਲ ਕੇ ਕੈਲਾਸ਼ ਮਾਨਸਰੋਵਰ ਪਹੁੰਚਦੇ ਹਨ। ਅਸੀ ਇਹਨਾਂ ਵਿਦਵਾਨਾਂ ਦੀ ਸੋਚ ਨੂੰ ਤਰਜੀਹ ਦਿਤੀ ਹੈ। ਭਾਵੇ ਅਸੀ ਨਹੀ ਮੰਨਦੇ ਕਿ ਗੁਰੂ ਸਾਹਿਬ ਨੂੰ ਇਤਹਾਸਿਕ ਪਿੰਡ ਮੁਲਾਣਾ ਜਾਂਣ ਦੀ ਕੋਈ ਜਰੂਰਤ ਸੀ।

✚ ਗਿਆਨੀ ਅਤੇ ਉਹਦੇ ਕੁਝ ਅਨੁਆਈਆਂ ਨੇ ਨੇਪਾਲ ਭੂਟਾਨ ਦੀ ਯਾਤਰਾ ਤੀਸਰੀ ਉਦਾਸੀ ਵੇਲੇ ਦੀ ਦੱਸੀ ਹੈ। ਕੋਹਲੀ -109 । ਨਿਰਾ ਕੋਹਲੀ ਹੀ ਕਿਓ ਸਗੋ ਲੱਗਪਗ ਸਾਰੇ ਅਧੁਨਿਕ ਵਿਦਵਾਨਾਂ ਨੇ ਗੁਰੂ ਸਾਹਿਬ ਦੀ ਸਾਰੇ ਹਿਮਾਲੀਆਂ ਦੇਸਾਂ ਦੀ ਯਾਤਰਾ ਤੀਸਰੀ ਉਦਾਸੀ ਵੇਲੇ ਦਿਖਾਈ ਹੈ। ਇਸ ਮਸਲੇ ਨੂੰ ਅਸੀ ਪਿੱਛੇ ਨੇਪਾਲ ਭੂਟਾਨ ਦੀ ਯਾਤਰਾ ਦੇ ਬਾਬ ਵਿਚ ਵਿਸਥਾਰ ਨਾਲ ਦਿਤਾ ਹੈ।

ਅਸੀ ਪਹਿਲਾਂ ਕੋਹਲੀ ਅਨੁਸਾਰ ਗੁਰੂ ਸਾਹਿਬ ਦਾ ਰੂਟ ਲਿਖਣਾ ਚਾਹਿਆ। ਜਦੋਂ ਬੈਜਨਾਥ (ਕੀੜਗ੍ਰਾਮ) ਵਾਲੀ ਸਾਖੀ ਲਿਖ ਰਹੇ ਸਾਂ ਤਾਂ ਦਿਕੱਤ ਆ ਗਈ ਕਿਉਕਿ ਗੁਰਬਾਣੀ ਅਨੁਸਾਰ ਰਵੇਲਸਰ ਦੀ ਸਾਖੀ ਪਹਿਲਾਂ ਆਉਣੀ ਚਾਹੀਦੀ ਹੈ। : ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥ ..

(ਸਾਨੂੰ ਇਹ ਪੜ੍ਹ ਕੇ ਬੁਰਾ ਲੱਗਾ ਕਿ ਕੋਹਲੀ  ਨੇ ਚੀਨ ਦੇ ਸ਼ਹਿਰ ਨਾਨਕਿੰਗ (ਨਾਨਜਿੰਗ) ਤੇ ਨਾਨਕਿਆਂਗ ਦਾ ਨਾਂ ਗੁਰੂ ਨਾਨਕ ਦੇ ਨਾਂ ਤੇ ਰੱਖਣਾ ਲਿਖਿਆ। ਇਹ ਸ਼ਹਿਰ ਗੁਰੂ ਸਾਹਿਬ ਦੀ ਆਮਦ ਤੋਂ ਹਜਾਰ ਸਾਲ ਪਹਿਲਾਂ ਦੇ ਹਨ। )

❁ ਵੇਖੋ ਗੁਰਬਾਣੀ: ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥ ਭਾਵ ਪਹਿਲਾਂ ਟਿਬਿਆਂ ਦੇ ਤਰਨ ਦੀ ਗੱਲ ਹੈ ਫਿਰ ਕੀੜੇ ਨੂੰ ਪਾਤਸ਼ਾਹੀ ਵਾਲੀ ਗੱਲ ਹੈ। ਇਹ ਤਾਂ ਹੀ ਸੰਭਵ ਹੋਵੇਗਾ ਜਿ ਪਹਿਲਾਂ ਗੁਰੂ ਸਾਹਿਬ ਰਿਵਾਲਸਰ ਗਏ ਹੋਣ ਤੇ ਬਾਦ ਵਿੱਚ ਕੀਟਗ੍ਰਾਮ ਆਏ ਹੋਣ। ਰੂਟ ਤਾਂ ਬੇਤੁੱਕਾ ਲੱਗਦਾ ਹੈ ਪਰ ਗੁਰਬਾਣੀ ਅਨੁਸਾਰ ਇਹੋ ਬਣਦਾ ਹੈ। ਸਾਨੂੰ ਕੀ ਪਤਾ ਕਿ ਗੁਰੂ ਸਾਹਿਬ ਪਹਿਲਾਂ ਪਿੰਜੌਰ ਵਾਲੇ ਪਾਸੇ ਕਿਓ ਗਏ? ਸੰਭਾਵਨਾ ਇਹੋ ਹੈ ਕਿ ਗੁਰੂ ਸਾਹਿਬ ਸੁਲਤਾਨਪੁਰ ਤੋਂ ਕੁਲਛੇਤਰ ਗਏ ਹੋਣ ਤੇ ਫਿਰ ਪੰਜੌਰ ਨੂੰ।

❁ ਕੋਹਲੀ ਨੇ ਗਿਆਨੀ ਜੀ ਦੇ ਲਿਖੇ ਅਨੁਸਾਰ ਗੁਰੂ ਸਾਹਿਬ ਦਾ ਤ੍ਰਿਲੋਕਨਾਥ (ਪੁਰਾਣਾ ਨਾਂ ਟੁੰਡਾ ਵਿਹਾਰ) ਜਾਣਾ ਵੀ ਲਿੱਖ ਦਿਤਾ। ਅੱਗੇ ਪੜੋਗੇ ਕਿ ਕਿਵੇ ਇਹਨਾਂ ਗਲਤੀ ਕੀਤੀ ਹੈ।

◆ 84 ਸਿੱਧਾਂ ਵਿੱਚੋਂ ਹੇਠ ਲਿਖੇ ਹਿਮਾਚਲ ਤੋਂ ਹੋਏ ਨੇ:-

1. ਚਰਪਟ ਨਾਥ, ਚੰਬਾ, ਸੰਪਰਦਾ: ਚਰਪਟੀ। 2.ਬਾਲਕ ਨਾਥ, ਦਿਓੜ ਸਿੱਧ ਸ਼ਾਹ ਤਲਾਈ ਹਿਮਾਚਲ, ਸੰਪਰਦਾ: ਵਿਰਾਗੀ। 3. ਬਿਲੇਛਾਇਆ ਨਾਥ, ਮਨੀ ਮਹੇਸ਼ ਹਿਮਾਚਲ, ਸੰਪਰਦਾ: ਚਰਪਟੀ। 4.ਸਿੱਧਾਪਦ ਨਾਥ ਹਿਮਾਚਲ, ਸੰਪਰਦਾ: ਆਈ। 5.ਯੱਗਵਲਕਿਆ ਨਾਥ, ਹਿਮਾਚਲ, ਸੰਪਰਦਾ: ਸਤਨਾਥ। 6.ਕਾਲਾ ਨਾਥ, ਕੁੱਲੂ, ਸੰਪਰਦਾ: ਅਘੋਰੀ

ਕਿਉਕਿ ਜਨਮਸਾਖੀ ਲਿਖਾਰੀਆਂ ਨੂੰ ਵੱਖਰੇ ਵੱਖਰੇ ਨਾਂ ਨਹੀ ਸਨ ਮਿਲ ਪਾਏ ਫਿਰ ਵੀ ਬਾਲੇ ਵਾਲੀ ਜਨਮ ਸਾਖੀ ਵਿੱਚ ਪਰਬਤਾਂ ਦੇ ਹੇਠ ਲਿਖੇ ਕਾਲਪਨਿਕ ਨਾਂ ਦੇ ਕੇ ਕੰਮ ਸਾਰਿਆ ਹੈ।  ਦੋ ਤਿੰਨ ਨਾਵਾਂ ਨੂੰ ਛੱਡਕੇ ਬਾਕੀ ਸਭ ਅਣਪਛਾਤੇ ਹੀ ਚਲੇ ਆ ਰਹੇ ਨੇ:-

1. ਊਨਾ, 2. ਸਿਲਕਾ, 3. ਕੂਨਾ, 4. ਮੀਨਾ, 5. ਸੁਮੇਰ, 6. ਬਿਆਰ, 7. ਅਲਲਾਚੀਨ, 8. ਕਲਕਾ, 9. ਧਰੂ, 10. ਈਨਾ, 11. ਅਖੰਡ, 12. ਨਿਰਬਿਕਾਰ, 13. ਸੀਲਾ, 14. ਉਹਾਰ, 15. ਈਖਣ, 16. ਉਲਕਾ,

ਹਿਮਾਚਲ ਤੇ ਤਿਬਤ ਵਿੱਚ ਉਹ ਥਾਵਾਂ ਜਿੱਥੇ ਗੁਰੂ ਸਾਹਿਬ ਗਏ ਸਨ ਅਤੇ ਉਚਾਈ ਮੀਟਰਾਂ ਵਿਚ,

ਪੰਜੌਰ, 548 । ਕੀਰਤਪੁਰ (ਪੰਜਾਬ) । ਦਿਓੜਸਿੱਧ, 1189 । ਰਿਵਾਲਸਰ, 1360. । ਜਵਾਲਾਮੁੱਖੀ, 610,। ਚੰਬਾ, 996, ।ਭਰਮੌਰ, 2195 ।, ਮਨੀ ਮਹੇਸ਼, 5653 । ਬੈਜਨਾਥ, 1025 । ਕੁੱਲੂ, 1479 ।ਮਨੀਕਰਣ, 1760 ।ਕੈਲਾਸ਼, 6638,

ਕਰਦਾ ਆ ਰਿਹਾ ਹੈ। ਇੱਕ ਸ਼ਰਾ ਤਾਂ ਲਗਾਤਾਰ ਢਾਹ ਲਾਈ ਜਾ ਰਿਹਾ ਹੈ।" ਗੁਰੂ ਸਾਹਿਬ ਨੇ ਪਠਾਣ ਨੂੰ ਕਿਹਾ ਤੁਸੀ ਆਪਣੀ ਜ਼ਿੰਮੇਵਾਰੀ ਈਮਾਨਦਾਰੀ ਨਾਲ ਨਿਭਾਓ ਇਹ ਸ਼ਹਿਰ ਗਰਕ ਹੋਣ ਵਾਲਾ ਨਹੀ ਹੈ। ਲੋਕਾਂ ਨੂੰ ਇਨਸਾਫ ਦਿਓ। ਖ਼ੁਦਾ ਦਾ ਨਾਂ ਜਪਿਆਂ ਕਰੋ ਤੁਹਾਡੇ ਕਸਬੇ ਨੇ ਬੜੀ ਤਰੱਕੀ ਕਰਨੀ ਹੈ।

ਜਿਥੇ ਗੁਰੂ ਸਾਹਿਬ ਨੇ ਚਰਨ ਪਾਏ ਸਨ ਇਹ ਥਾਂ ਰੇਲਵੇ ਸਟੇਸ਼ਨ ਤੋਂ ਕੋਈ 1200 ਮੀਟਰ ਚੜ੍ਹਦੇ ਪਾਸੇ ਹੈ। ਪਹਿਲਾਂ ਇਥੇ ਨੇੜੇ ਗਊ ਸ਼ਾਲਾ ਹੋਇਆ ਕਰਦੀ ਜਿਸ ਕਰਕੇ ਗੁਰਅਸਥਾਨ ਦਾ ਨਾਂ ਗਊ ਘਾਟ ਪੈ ਗਿਆ। ਗੁਰੂ ਸਾਹਿਬ ਇਥੋਂ ਉੱਠ ਪਿੰਡ ਠੱਕਰਵਾਲ ਵੀ ਗਏ ਅਜਿਹੇ ਅੰਦਾਜ਼ੇ ਹਨ।

## ਠੱਕਰਵਾਲ◈

ਲੁਧਿਆਣੇ ਤੋਂ ਦੱਖਣ- ਪੱਛਮ 10 ਕਿ. ਮੀ ਦੂਰ ਰਾਏਕੋਟ ਵਾਲੀ ਸੜਕ ਲਾਗੇ ਹੈ ਪਿੰਡ ਠੱਕਰਵਾਲ ਅੱਜ ਤਾਂ ਇੱਕ ਤਰਾਂ ਨਾਲ ਲੁਧਿਆਣੇ ਦਾ ਹੀ ਹਿੱਸਾ ਬਣ ਚੁੱਕਾ ਹੈ।

ਜਦੋਂ ਗੁਰੂ ਸਾਹਿਬ ਇਸ ਇਲਾਕੇ ਵਿੱਚ ਪਧਾਰੇ ਇਥੇ ਸੰਨਿਆਸੀ ਠਾਕੁਰ ਦਾਸ ਦਾ ਬੜਾ ਨਾਂ ਸੀ ਜੋ ਆਪਣੇ ਚੇਲਿਆਂ ਸਮੇਤ ਰਿਹਾ ਕਰਦਾ ਸੀ।

ਗੁਰੂ ਸਾਹਿਬ ਨੂੰ ਆਉਂਦਿਆਂ ਵੇਖ ਹੰਕਾਰ ਤਹਿਤ ਠਾਕੁਰਦਾਸ ਆਪਣੀ ਕੁੱਲੀ ਵਿੱਚ ਵੜ ਗਿਆ। ਗੁਰੂ ਸਾਹਿਬ ਵੀ ਉਹਦੀ ਕੁੱਲੀ ਵਿੱਚ ਜਾ ਕੇ ਉਨ੍ਹੰ ਨਮਸਕਾਰ ਕਰਨ ਦੇ ਬਿਜਾਏ ਬਾਹਰ ਹੀ ਉਹਦੇ ਵਲ ਪਿੱਠ ਕਰਕੇ ਬਹਿ ਗਏ।

ਕੁਝ ਚਿਰ ਬਾਦ ਮਰਦਾਨੇ ਨੂੰ ਕਿਹਾ ਕਿ ਰਬਾਬ ਕੱਸ ਬਾਣੀ ਆ ਰਹੀ ਹੈ। ਸ਼ਬਦ ਬੋਲਿਆ:

ਗਉੜੀ ਮਹਲਾ ੧ ॥ ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥ ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧॥ ਐਸਾ ਗਰਬੁ ਬੁਰਾ ਸੰਸਾਰੈ ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ ਰਹਾਉ ॥ ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥ ਬਿਨੁ ਗੁਰ ਪੂਛੇ ਜਾਇ ਪਇਆਰੀ ॥੨॥ ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥ ਆਪਿ ਭੁਲਾਇ ਆਪੇ ਮਤਿ ਦੇਵੈ ॥੩॥ ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥ ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥ ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥ ਸਹਸਬਾਹੁ ਮਧੁ ਕੀਟ ਮਹਿਖਾਸਾ ॥ ਹਰਣਾਖਸੁ ਲੇ ਨਖਹੁ ਬਿਧਾਸਾ ॥ ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥੬॥ ਜਰਾਸੰਧਿ ਕਾਲਜਮੁਨ ਸੰਘਾਰੇ ॥ ਰਕਤਬੀਜੁ ਕਾਲੁਨੇਮੁ ਬਿਦਾਰੇ ॥ ਦੈਤ ਸੰਘਾਰਿ ਸੰਤ ਨਿਸਤਾਰੇ ॥੭॥ ਆਪੇ ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥ ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥ ਬੂਡਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥ ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥ ਜਨਮੇਜੈ ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥ ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੧੦॥ ਕੰਸੁ ਕੇਸੁ ਚਾਂਡੂਰੁ ਨ ਕੋਈ ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ ਬਿਨੁ ਜਗਦੀਸ ਨ ਰਾਖੈ ਕੋਈ ॥੧੧॥ ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥

ਠਾਕੁਰਦਾਸ ਬੈਠਾ ਅੰਦਰ ਪਰ ਕੰਨ ਸੰਗੀਤ ਵਲ ਸਨ। ਉਹ ਸਮਝ ਰਿਹਾ ਸੀ ਬਾਹਰੋਂ ਆਏ ਸਾਧੂ ਨੇ ਉਹਦਾ ਹੰਕਾਰ ਤਾੜ ਲਿਆ ਹੈ। ਕੁਝ ਦੇਰ ਬਾਦ ਸ਼ਰਮਿੰਦਾ ਹੋਇਆ ਆ ਕੇ ਬੋਲਿਆ; "ਰਾਮ ਰਾਮ ਮਹਾਤਮਾ ਜੀ।" ਗੁਰੂ ਸਾਹਿਬ ਨੇ ਜਵਾਬ ਦਿੱਤਾ, "ਸਤਿ ਕਰਤਾਰ"। ਅੱਗੋ ਠਾਕਰਦਾਸ ਬੋਲਿਆ ਕਿ ਮਹਾਤਮਾ ਜੀ ਇਹ ਸਤਿ ਕਰਤਾਰ ਕਿਹੜੀ ਸੰਪਰਦਾ ਦਾ ਜੈਕਾਰਾ ਹੈ? ਇਸ ਤਰਾਂ ਗੱਲਾਂ ਬਾਤਾਂ ਹੋਈਆਂ। ਗੁਰੂ ਸਾਹਿਬ ਨੇ ਠਾਕਰਦਾਸ ਨੂੰ



ਨਾਨਕਸਰ ਠੱਕਰਵਾਲ

ਸਮਝਾਇਆ ਕਿ ਤੂੰ ਰਾਮ ਰਾਮ ਕਿਹਾ ਹੈ ਮੈਂ ਉਸ ਦਾ ਨਾਂ ਲਿਆ ਹੈ ਜਿੰਨੇ ਰਾਮ ਨੂੰ ਬਣਾ ਕੇ ਇਸ ਮਾਤਲੋਕ ਵਿੱਚ ਭੇਜਿਆ ਸੀ: ਨਿਰੰਕਾਰ ਅਕਾਲ ਪੁਰਖ। ਗੁਰੂ ਸਾਹਿਬ ਦੇ ਸਮਝਾਏ ਸਿਧਾਂਤ ਦੀ ਠਾਕਰਦਾਸ ਨੂੰ ਸਮਝ ਪੈ ਗਈ ਕਿ ਉਹ ਤਾਂ ਸਾਰੀ ਉਮਰ ਕਰਤੇ ਦੀਆਂ ਕਿਰਤਾਂ ਦੀ ਹੀ ਪੂਜਾ ਕਰਦਾ ਰਿਹਾ। ਹੁਣ ਉਨ੍ਹੰ ਸਮਝ ਪੈ ਗਈ ਸੀ ਕਿ ਇਹ ਰਾਮ, ਕਿਸ਼ਨ ਜਾਂ ਹੋਰ ਦੇਵੀ ਦੇਵਤੇ ਉਸ ਨਿਰੰਕਾਰ ਦੇ ਹੀ ਪੈਦਾ ਕੀਤੇ ਹੋਏ ਹਨ ਜੋ ਜੁਗਾਂ ਜੁਗਾਂਤਰਾਂ ਤੋਂ ਇੱਕ ਸਾਰ ਬਿਰਾਜਮਾਨ ਹੈ ਤੇ ਸਦਾ ਰਹੇਗਾ।

ਠਾਕਰਦਾਸ ਨੇ ਇਸ ਤਰਾਂ ਗੁਰੂ ਸਾਹਿਬ ਦੀ ਸਿੱਖੀ ਧਾਰਨ ਕੀਤੀ ਤੇ ਇਲਾਕੇ ਵਿੱਚ ਸਤਿਨਾਮ ਸਤਿਕਰਤਾਰ ਦਾ ਪ੍ਰਚਾਰ ਕੀਤਾ ਤੇ ਅਮਰ ਹੋ ਗਿਆ।

ਲੁਧਿਆਣੇ ਤੋਂ ਗੁਰੂ ਸਾਹਿਬ ਸਰਹਿੰਦ ਥਾਂਣੀ ਹੁੰਦੇ ਹੋਏ ਕੁਲਖੇਤ੍ਰ ਸੂਰਜ ਗ੍ਰਿਹਣ ਤੇ ਫਿਰ ਪਹੁੰਚ ਗਏ। ਕੁਰਖੇਤਰ ਗੁਰੂ ਸਾਹਿਬ ਦੀ ਸ਼ਾਇਦ ਇਹ ਦੂਸਰੀ ਫੇਰੀ ਸੀ। ਕੁਲਛੇਤਰ ਬਾਰੇ ਵਿਸਥਾਰ ਪਹਿਲਾਂ ਹੀ ਆ ਚੁੱਕਾ ਹੈ। ਵੇਖੋ ਸਫਾ 85.

-----◈-----

## ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ – ਪੰਜੌਰ

ਗੁਰੂ ਸਾਹਿਬ ਕੁਲਖੇਤ੍ਰ ਤੋਂ ਘੁੰਮਦੇ ਘੁੰਮਾਂਦੇ ਦੁੱਖੀਆਂ ਦੇ ਦੁੱਖ ਦੂਰ ਕਰਦੇ ਪੰਜੌਰ ਪਹੁੰਚੇ। (ਅੱਜ ਪੰਜੌਰ ਹਰਿਆਣੇ ਦਾ ਹਿੱਸਾ ਹੈ ਤੇ ਚੰਡੀਗੜ੍ਹ ਤੋਂ 15 ਕੁ ਕਿ.ਮੀ. ਸ਼ਿਮਲੇ ਵਾਲੀ ਸੜਕ ਤੇ ਹੈ।) ਗੁਰੂ ਸਾਹਿਬ ਦੇ ਵੇਲੇ ਇਹ ਇੱਕ ਛੋਟੀ ਜਿਹੀ ਰਿਆਸਤ ਸੀ। ਹਿੰਦੂ ਮਿਥਿਹਾਸ ਇਸ ਜਗਾਂ ਨੂੰ ਪਾਂਡਵਾਂ ਦੇ ਬਨਵਾਸ ਨਾਲ ਜੋੜਦਾ ਹੈ ਤੇ ਕਿਹਾ ਜਾਂਦਾ ਹੈ ਕਿ ਪਾਂਡਵਾਂ ਨੇ ਆਪਣੇ 14 ਸਾਲਾਂ ਦੇ ਬਣਵਾਸ ਦੌਰਾਨ 13 ਵਾਂ ਸਾਲ ਇਥੇ ਬਿਤਾਇਆ ਸੀ। ਇਲਾਕੇ ਵਿੱਚ ਕੁਝ ਬਾਉਲੀਆਂ ਹਨ, ਜਿੰਨਾਂ ਨੂੰ ਲੋਕ ਪਾਂਡਵਾਂ ਨਾਲ ਜਾ ਜੋੜਦੇ ਹਨ ਜਦੋਂ ਕਿ ਪੁਰਾਤਤਵ ਨਜਰੀਏ ਤੋਂ ਬਾਉਲੀਆਂ ਮੱਧਕਾਲ ਨਾਲ ਸਬੰਧ ਰੱਖਦੀਆਂ ਹਨ। ਦਿਲਚਸਪ ਗਲ ਇਹ ਕਿ ਹਿਮਾਚਲ, ਜੰਮੂ, ਕਸ਼ਮੀਰ, ਅਤੇ ਪਾਕਿਸਤਾਨ ਵਾਲੇ ਪਹਾੜੀ ਖੇਤਰਾਂ ਵਿਚ ਬਹੁਤੀਆਂ ਥਾਵਾਂ ਦੀ ਕਹਾਣੀ ਪੰਜ ਪਾਂਡਵਾਂ ਨਾਲ ਜੋੜੀ ਹੋਈ ਮਿਲਦੀ ਹੈ।

ਛੇਵੇ ਪਾਤਸ਼ਾਹ ਨੇ ਸ਼ਬਦਾਂ ਦੇ ਨਾਲ ਜੋ ਧੁੰਨੀਆਂ ਦਿੱਤੀਆਂ ਹਨ ਭਾਵ ਕਿਹੜੀ ਤਰਜ ਵਿੱਚ ਗਾਉਣਾ ਹੈ ਓਨਾਂ ਵਿੱਚੋਂ ਜੋ ਟੁੰਡੇ ਅਸ ਰਾਜੇ ਦੀ ਧੁਨੀ ਦਿੱਤੀ ਗਈ ਹੈ ਉਹ ਰਾਜਾ ਇਸ ਸ਼ਹਿਰ ਦਾ ਸੀ।■

ਪੁਰਾਣੀ ਰਿਆਸਤ ਹੋਣ ਕਰਕੇ ਇਹ ਧਾਰਮਿਕ ਕੇਂਦਰ ਵੀ ਬਣ ਚੁੱਕਾ ਤੇ ਧਾਰਾ ਤੀਰਥ ਕਹਾਉਂਦਾ ਹੈ। ਇਥੇ ਹੀ ਭੀਮਾ ਦੇਵੀ ਮੰਦਰ ਦੇ ਕੋਈ 1000 ਸਾਲ ਪੁਰਾਣੇ ਖੰਡਰਾਂਤ ਮਿਲਦੇ ਹਨ। ਗੁਰੂ ਸਾਹਿਬ ਦੇ ਦਿਨਾਂ ਵਿੱਚ ਇਥੇ ਹੱਠ ਜੋਗੀ ਸੰਨਿਆਸੀਆਂ ਦਾ ਵੱਡਾ ਕੇਂਦਰ ਵੀ ਸੀ।

ਗੁਰੂ ਸਾਹਿਬ ਨੇ ਵੇਖਿਆ ਕਿ ਸੰਨਿਆਸੀ ਲੋਕ ਤਰਾਂ ਤਰਾਂ ਦੇ ਦੁੱਖ ਦੇਹੀ ਨੂੰ ਦੇ ਰਹੇ ਸਨ। ਗੁਰੂ ਸਾਹਿਬ ਨੇ ਓਨਾਂ ਨੂੰ ਸਮਝਾਇਆ ਕਿ ਭਾਈ ਇਸ ਤਰਾਂ ਕਰਨ ਨਾਲ ਕੁਝ ਵੀ ਧਾਰਮਿਕ ਫਾਇਦਾ ਨਹੀ ਹੋਣਾ ਸਗੋਂ ਤੁਸੀ ਭਗਵਾਨ ਦੀ ਰਜਾ ਦੇ ਸਿਧਾਂਤ ਦੀ ਉਲੰਘਣਾ ਕਰ ਰਹੇ ਹੋ। ਇਸ ਤਰਾਂ ਤਪ ਕਰਨੇ ਰੱਬ ਦੀ ਰਾਹ ਤੇ ਜਾਇਜ ਨਹੀ ਹਨ। ਬਹੁਤੇ ਸਾਧੂ ਤਾਂ ਮੰਨ ਗਏ ਪਰ ਇੱਕ ਆਪਣੇ ਆਪ ਨੂੰ ਜਿਆਦਾ ਹੀ ਵਿਦਵਾਨ ਮੰਨਦਾ ਸੀ ਉਹ ਸ਼ਾਸਤਰਾਂ ਦੀਆਂ ਤੁੱਕਾਂ ਦੇ ਦੇ ਕੇ ਇਸ ਤੱਪ ਸਾਧਨਾ ਨੂੰ ਜਾਇਜ ਠਹਿਰਾ ਰਿਹਾ ਸੀ। ਗੁਰੂ ਸਾਹਿਬ ਨੇ ਪਹਿਲਾਂ ਤਾਂ ਉਸਦੀ ਵਿਦਿਆ ਦਾ ਖੋਖਲਾਪਣ ਉਜਾਗਰ ਕੀਤਾ ਫਿਰ ਬੜੇ ਧੀਰ ਧੀਰਜ ਨਾਲ ਉਸ ਨੂੰ ਵੀ ਸਿੱਖੀ ਦੇ ਦਾਇਰੇ ਵਿੱਚ ਲਿਆਂਦਾ।

ਇਥੇ ਹੀ ਗੁਰੂ ਸਾਹਿਬ ਨੇ ਫਿਰ ਸ਼ਬਦ ਪੜਿਆ:-

ਮਃ ੧ ॥ ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥ ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥

ਗੁਰਸਿੱਖਾਂ ਗੁਰੂ ਦੀ ਆਮਦ ਦੀ ਯਾਦ ਵਿੱਚ ਇਥੇ ਸ਼ਾਨਦਾਰ ਗੁਰਦੁਆਰਾ ਸਾਹਿਬ ਉਸਾਰਿਆ ਹੋਇਆ ਹੈ ਜਿਸ ਦੇ ਅਹਾਤੇ ਵਿੱਚ ਗੁਰੂ ਸਾਹਿਬ ਦੇ ਵੇਲਿਆਂ ਦੀ ਬਾਉਲੀ ਵੀ ਹੈ। ਕਿਹਾ ਜਾਂਦਾ ਹੈ ਕਿ ਇਸੇ ਬਾਉਲੀ ਦੇ ਜਲ ਨਾਲ ਗੁਰ ਸਾਹਿਬ ਨੇ ਰਾਜੇ ਦਾ ਰੋਗ ਦੂਰ ਕੀਤਾ ਸੀ।

◉ ਇਥੋਂ ਦੀ ਸਾਖੀ ਕੁਝ ਇਸ ਤਰਾਂ ਹੈ ਕਿ ਗੁਰੂ ਸਾਹਿਬ ਇਥੇ ਜੋਗੀਆਂ ਦੇ ਆਸ਼ਰਮ ਤੋਂ ਹਟਵਾ ਡੇਰਾ ਲਾਈ ਬੈਠੇ ਸਨ ਕਿ ਸ਼ਿਕਾਰ ਦਾ ਪਿੱਛਾ ਕਰਦਾ ਕਰਦਾ ਇੱਕ ਹੰਬਿਆ ਹੋਇਆ 'ਭੁਆਣਾ' ਨਾਂ ਦਾ ਟੁੰਡਾ ਰਾਜਾ ਗੁਰੂ ਸਾਹਿਬ ਕੋਲ ਆ ਨਿਕਲਿਆ। ਆ ਕੇ ਬੜੀ ਹਲੀਮੀ ਨਾਲ ਮੱਥਾ ਟੇਕਿਆ ਤੇ ਅਰਜ ਕੀਤੀ ਕਿ ਮਹਾਰਾਜ ਮੈਨੂੰ ਪਿਆਸ ਬਹੁਤ ਲੱਗੀ ਹੋਈ ਹੈ ਕਿਤੇ ਨੇੜੇ ਜਲ ਹੋਵੇ ਤਾਂ ਦੱਸੋ। ਗੁਰੂ ਸਾਹਿਬ ਨੇ ਦੱਸਿਆ ਕਿ ਨੇੜੇ ਤੇੜੇ ਹੋਰ ਤਾਂ ਕਿਤੇ ਜਲ ਨਹੀ, ਇੱਕ ਛੋਟੀ ਜਿਹੀ ਛਪੜੀ ਹੈ ਓਥੋਂ ਪੁੱਟ ਕੇ ਪਾਣੀ ਪੀ ਸਕਦੇ ਹੋ। ਨਾਲ ਹੀ ਗੁਰੂ ਸਾਹਿਬ ਨੇ ਆਪਣੀ ਤੂੰਬੜੀ ਵੀ ਦੇ ਦਿੱਤੀ ਕਿ ਇਹ ਭਰ ਲਿਆਉਣਾ।

ਟੁੰਡਾ ਦੱਸੇ ਟਿਕਾਣੇ ਤੇ ਗਇਆ ਤਾਂ ਕੀ ਵੇਖਦਾ ਹੈ ਪਾਣੀ ਤਾਂ ਬਹੁਤ ਮਾਮੂਲੀ ਜਿਹਾ ਸੀ। ਟੁੰਡੇ ਨੇ ਰੇਤ ਪੁੱਟਣੀ ਸ਼ੁਰੂ ਕਰ ਦਿੱਤੀ ਤੇ ਹੌਲੀ ਹੌਲੀ ਪਾਣੀ ਸਿੰਮਣ ਲੱਗ ਪਿਆ। ਰਾਜੇ ਨੇ ਇੱਕ ਹੱਥ ਵਿੱਚ ਤੂੰਬੜੀ ਫੜੀ ਸੀ ਤੇ ਦੂਸਰੇ ਟੁੰਡੇ ਹੱਥ ਨਾਲ ਰੇਤ ਪੁੱਟ ਰਿਹਾ ਸੀ। ਉਸ ਵੇਲੇ ਫਿਰ ਕੀ ਦੇਖਦਾ ਹੈ ਚਮਤਕਾਰ ਹੋ ਗਿਆ।



ਗੁਰਦੁਆਰਾ ਮੰਜੀ ਸਾਹਿਬ ਪੰਜੌਰ, ਹਰਿਆਣਾ

ਉਹਦਾ ਜਿਹੜਾ ਹੱਥ ਚਿਰੋਕਣਾ ਨਕਾਰਾ ਹੋ ਚੁੱਕਾ ਸੀ ਉਹ ਨੌ ਬਰ ਨੌ ਹੋ ਗਿਆ। ਰਾਜਾ ਪਾਣੀ ਲੈ ਕੇ ਗੁਰੂ ਸਾਹਿਬ ਵਲ ਗਿਆ। ਪਰ ਕੀ ਦੇਖਦਾ ਹੈ ਕਿ ਗੁਰੂ ਸਾਹਿਬ ਤਾਂ ਓਥੇ ਹੈ ਹੀ ਨਹੀ।

ਉਸ ਬਹੁਤ ਭਾਲ ਕੀਤੀ। ਜੋਗੀਆਂ ਦੇ ਡੇਰਾ ਆਇਆ ਤਾਂ ਉਹਨਾਂ ਕਿਹਾ ਕਿ ਉਹ ਗੁਰੂ ਨਾਨਕ ਸਨ, ਜਿਸ ਕਰਕੇ ਤੇਰੇ ਨਾਲ ਚਮਤਕਾਰ ਹੋਇਆ ਹੈ।

ਰਾਜਾ ਬਿਹਬਲ ਹੋਈ ਜਾ ਰਿਹਾ ਸੀ ਉਸ ਰੱਬ ਰੂਪੀ ਸੰਤ ਦਾ ਸ਼ੁਕਰਾਨਾ ਕਰਨ ਲਈ। ਅਖੀਰ ਉਸ ਨੂੰ ਕੁਝ ਦਿਨਾਂ ਬਾਦ ਪਤਾ ਲੱਗਾ ਕਿ ਗੁਰੂ ਸਾਹਿਬ ਅੱਜ ਕਲ ਜੋਹੜ ਜੀ ਪਹੁੰਚੇ ਹੋਏ ਨੇ। ਰਾਜਾ ਜੋਹੜ ਜੀ ਪਹੁੰਚ, ਜਾ ਗੁਰੂ ਸਾਹਿਬ ਦੇ ਚਰਨਾਂ ਤੇ ਡਿੱਗਾ। ਅਰਜੋਈਆਂ ਕਰਨ ਲੱਗਾ ਕਿ ਬਾਬਾ ਜੀ ਤੁਸੀ ਹੁਣ ਮੇਰੀ ਸੇਵਾ ਪ੍ਰਵਾਨ ਕਰੋ ਤੇ ਮੇਰੀ ਧਾਰਾ ਨਗਰੀ ਵਿੱਚ ਹੀ ਰਹੋ।

ਗੁਰੂ ਸਾਹਿਬ ਨੇ ਰਾਜੇ ਨੂੰ ਸਤਿਨਾਮ ਦਾ ਉਪਦੇਸ਼ ਦਿੱਤਾ ਕਿ ਇਸ ਦਾ ਅੱਗੇ ਪ੍ਰਚਾਰ ਕਰੋ। ਜਦੋਂ ਸਾਨੂੰ ਯਾਦ ਕਰੋਗੇ ਅਸੀ ਤੁਹਾਡੇ ਨਾਲ ਹੋਵਾਂਗੇ। ਟੁੰਡੇ ਰਾਜੇ ਨੇ ਗੁਰੂ ਸਾਹਿਬ ਦੀ ਯਾਦਗਾਰ ਪਿੰਜੌਰ ਵਿੱਚ ਹੀ ਬਣਵਾ ਦਿੱਤੀ।

ਸੋ ਇਥੇ ਰਾਜਾ ਹੀ ਸਿੱਖ ਧਰਮ ਦਾ ਪ੍ਰਚਾਰਕ ਬਣਿਆ। ਭਾਵ ਇਥੇ ਗੁਰੂ ਸਾਹਿਬ ਨੇ ਮੰਜੀ ਥਾਪ ਦਿੱਤੀ ਸੀ ਤਾਂ ਹੀ ਤਾਂ ਇਥੋਂ ਦਾ ਜੋ ਗੁਰ ਅਸਥਾਨ ਹੈ ਉਹ ਮੰਜੀ ਸਾਹਿਬ ਕਹਾਉਦਾ ਹੈ।

ਪੰਜੌਰ ਤੋਂ ਸਾਹਿਬ 50 ਕਿ. ਮੀ. ਦਾ ਪੈਂਡਾ ਕਰਕੇ ਸਬਾਥੂ (ਦਗਸ਼ਈ ਪਹਾੜੀਆਂ) ਨੇੜੇ ਜੋਹੜ ਜੀ ▫ ਪਹੁੰਚੇ। ਹੋ ਸਕਦਾ ਇਥੇ ਵੀ ਕੋਈ ਪ੍ਰਸਿੱਧ ਜੋਗੀ ਮੱਠ ਵਗੈਰਾ ਹੋਵੇਗਾ। ਇਥੇ ਲੋਕਾਈ ਨੂੰ ਇਕ ਓਂਕਾਰ ਸਤਿਨਾਮ ਦਾ ਉਪਦੇਸ਼ ਦੇ ਕੇ ਅੱਗੇ ਸ਼ਾਹ ਤਲਾਈ (ਦਿਓੜਸਿੱਧ ਬਾਲਕ ਨਾਥ) ਵਲ ਰਵਾਨਾ ਹੋ ਗਏ।

-----◈-----

## ਕੀਰਤਪੁਰ - ਬੁੱਢਣ ਸ਼ਾਹ ਤੇਰਾ ਦੁੱਧ ਅਸੀ ਫਿਰ ਪੀਵਾਂਗੇ

ਜੋਹੜ (ਸਬਾਥੂ) ਤੋਂ ਗੁਰੂ ਸਾਹਿਬ ਹੇਠਾਂ ਨੂੰ ਆ ਗਏ ਤੇ ਅਗਲਾ



ਗੁਰਦਵਾਰਾ ਜੌਹੜ ਜੀ, ਸਬਾਥੂ, ਨੇੜੇ ਦਗਸ਼ਈ ਪਹਾੜੀਆਂ

ਨਿਸ਼ਾਨਾ ਸੀ ਸ਼ਾਹ ਤਲਾਈ ਦਾ ਦਿਓੜਸਿੱਧ ਮੰਦਰ। ਕੁਠਾਰ, ਬਰੋਤੀਵਾਲਾ, ਰਾਹੇ ਨਾਲਾਗੜ੍ਹ ਪਹੁੰਚੇ। ਸ਼ਹਿਰ ਦੇ ਮੰਦਰਾਂ ਤੇ ਨਾਲਾਗੜ੍ਹ ਦੇ ਰਾਜੇ ਨੂੰ ੧ਓ ਸਰਬ ਵਿਆਪਕ ਨਿਰੰਕਾਰ ਦਾ ਗਿਆਨ ਕੁਝ ਦਿਨ ਰੁਕ ਕੇ ਦਿੱਤਾ। ਨਾਲਾਗੜ੍ਹ ਤੋਂ ਦਿਓੜਸਿੱਧ ਜਾਂਦਿਆਂ ਹੀ ਰਸਤੇ ਵਿੱਚ ਗੁਰੂ ਸਾਹਿਬ ਨੂੰ ਬੁੱਢਣ ਸ਼ਾਹ ਫਕੀਰ ਬਾਰੇ ਪਤਾ ਲੱਗਾ ਕੇ ਨਾਲਾਗੜ੍ਹ ਤੋਂ ਉੱਤੇ 22 ਕਿ. ਮੀ. ਸਤਲੁਜ ਦੇ ਕੰਢੇ ਸ਼ੰਮਸਉਦੀਨ ਨਾਂ ਦਾ ਇੱਕ ਰੱਬ ਨੂੰ ਪਹੁੰਚਿਆ ਫਕੀਰ ਰਹਿੰਦਾ ਹੈ।

ਇਹ ਵੀ ਜਿਕਰ ਮਿਲਦਾ ਹੈ ਕਿ ਸ਼ੰਮਸਉਦੀਨ ਤੇ ਗੁਰੂ ਨਾਨਕ ਦੋਵਾਂ ਨੇ ਹੀ ਇੱਕ ਦੂਸਰੇ ਬਾਰੇ ਸੁਣਿਆ ਹੋਇਆ ਸੀ। ਨੇੜੇ ਦੇ ਹੀ ਪਿੰਡ ਡੋਘਰ ਦੇ ਪੀਲੂ ਨਾਮੀ ਪੰਡਤ ਦਾ ਮੇਲ ਗੁਰੂ ਸਾਹਿਬ ਨਾਲ ਹਰਦੁਆਰ ਹੋਇਆ ਸੀ। ਪੰਡਤ ਪੀਲੂ ਨੇ ਗੁਰੂ ਸਾਹਿਬ ਦਾ





ਦਰਬਾਰ ਬਾਬਾ ਬੁੱਢਣ ਸ਼ਾਹ। ਸੱਜੇ-ਬਾਬੇ ਦੀਆਂ ਬੱਕਰੀਆਂ ਦੇ ਬੁੱਤ। ਲਗਦਾ ਇਥੇ ਕੰਟਰੋਲ ਸਿੱਖਾਂ ਦਾ ਹੀ ਹੈ। ਕੱਟੜ ਮੁਸਲਮਾਨ ਆਪਣੀ ਜਗਾ 'ਚ ਬੁੱਤ ਨਹੀ ਬਣਨ ਦਿੰਦੇ।

ਜਸ ਇਲਾਕੇ ਵਿੱਚ ਫੈਲਾ ਦਿੱਤਾ ਸੀ। ਪੀਲੂ ਦੀ ਧੀ ਬਾਬਾ ਬੁੱਢਣ ਸ਼ਾਹ ਦੀ ਵੀ ਮੁਰੀਦ ਸੀ। ਸੋ ਗੁਰੂ ਸਾਹਿਬ ਅਤੇ ਪੀਰ ਜੀ ਦੇ ਮੇਲ ਦੇ ਪਿੱਛੇ ਪੰਡਤ ਪੀਲੂ ਦਾ ਹੱਥ ਸੀ। ਜਦੋਂ ਪੀਲੂ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਇਲਾਕੇ ਵਿੱਚ ਪਧਾਰੇ ਹੋਏ ਨੇ ਤਾਂ ਜਾ ਕੇ ਗੁਰੂ ਸਾਹਿਬ ਦੇ ਚਰਨੀ ਲੱਗਾ। ⊙

ਕਿਉਂਕਿ ਗੁਰੂ ਸਾਹਿਬ ਅਕਸਰ ਸੂਫੀ ਫਕੀਰਾਂ ਕੋਲ ਜਾ ਕੇ ਰਿਹਾ ਕਰਦੇ ਸਨ। ਸ਼ੰਮਸਉਦੀਨ ਦੀ ਵੀ ਤੀਬਰ ਇਛਾ ਸੀ ਕਿ ਗੁਰੂ ਸਾਹਿਬ ਦੇ ਦਰਸ਼ਨ ਕਰੇ। ਕਿਹਾ ਜਾਂਦਾ ਹੈ ਕਿ ਪੀਰ ਸ਼ੰਮਸਉਦੀਨ ਸਿਰਫ ਦੁੱਧ ਦੇ ਆਸਰੇ ਹੀ ਜੰਗਲ ਵਿੱਚ ਦਿਨ



ਗੁਰ. ਚਰਨ ਕਵਲ ਸਾਹਿਬ ਕੀਰਤਪੁਰ। ਜਿਥੇ ਗੁਰੂ ਸਾਹਿਬ ਦੇ ਚਰਨ ਪਏ।

ਕਟਦਾ ਸੀ। ਉਸ ਨੇ ਬਕਰੀਆਂ ਰੱਖੀਆਂ ਹੋਈਆਂ ਸਨ। ਬਕਰੀਆਂ ਦੀ ਰੱਖਵਾਲੀ ਲਈ ਕੁੱਤੇ ਸਨ। ਇਲਾਕੇ ਵਿੱਚ ਸ਼ੇਰ ਵੀ ਪੈਂਦਾ ਸੀ।

ਗੁਰੂ ਸਾਹਿਬ ਜਦੋਂ ਸ਼ੰਮਸਉਦੀਨ ਨੂੰ ਮਿਲੇ ਤਾਂ ਪੀਰ ਨੇ ਬੜੀ ਸ਼ਰਧਾ ਨਾਲ ਗੁਰੂ ਸਾਹਿਬ ਅੱਗੇ ਦੁੱਧ ਦਾ ਕਟੋਰਾ ਭਰ ਭੇਟ ਕੀਤਾ। ਗੁਰੂ ਸਾਹਿਬ ਨੇ ਪੀਰ ਨੂੰ ਬੇਨਤੀ ਕੀਤੀ ਕਿ ਉਹ ਪਿਆਲਾ ਅੱਧਾ ਕਰ ਲਿਆਉਣ। ਪਰ ਪੀਰ ਨੇ ਜ਼ਿੱਦ ਕੀਤੀ ਕਿ ਤੁਹਾਨੂੰ ਸਾਰਾ ਪੀਣਾ ਪੈਣਾ ਵਾ। ਗੁਰੂ ਸਾਹਿਬ ਨੇ ਨਿਮ੍ਰਤਾ ਸਾਹਿਤ ਜਵਾਬ ਦਿੱਤਾ ਕਿ ਅੱਧਾ ਪਿਆਲਾ ਸਾਡਾ ਤੁਹਾਡੇ ਨਾਲ ਉਧਾਰ ਰਹੇਗਾ ਤੇ ਅਗਲੀ ਵਾਰੀ ਆ ਕੇ ਅਸੀ ਤੁਹਾਡਾ ਦੁੱਧ ਪੀਵਾਂਗੇ। ਗੁਰੂ ਸਾਹਿਬ ਕੁਝ ਸਮਾਂ ਪੀਰ ਕੋਲ ਰਹੇ ਤੇ ਰੂਹਾਨੀਅਤ ਦੀਆਂ ਗੱਲਾਂ ਬਾਤਾਂ ਚਲੀਆਂ।

ਕਿਹਾ ਜਾਂਦਾ ਹੈ ਕਿ ਲੱਗ ਪੱਗ 120 ਸਾਲ ਬਾਦ ਗੁਰੂ

ਪੈੜ ਸਚ

⊙ ਸਾਈਕਲ ਯਾਤਰੀ-191

■ ਗ੍ਰੰਥੀ ਪਿੰਜੌਰ ਸੁਖਵਿੰਦਰ ਸਿੰਘ 8950068254

◘ ਗਿਆਨੀ -192 ਨੇ ਪਿੰਜੌਰ ਤੋਂ ਗੁਰੂ ਸਾਹਿਬ ਦਾ ਜੌਹੜਸਰ ਜਾਣਾ ਲਿਖਿਆ ਹੈ। ਇਸ ਬਾਬਤ ਅਸਾਂ ਪੁੱਛ ਪੜਤਾਲ ਕੀਤੀ ਹੈ ਤੇ ਪਤਾ ਲੱਗਾ ਹੈ ਕਿ ਜੌਹੜਸਰ (ਅਸਲ ਨਾਂ ਜੌਹਰ ਜੀ) ਜੋ ਕਿ ਸਬਾਥੂ (ਨੇੜੇ ਦਗਸ਼ਈ ਪਹਾਂੜੀਆਂ) ਕੋਈ ਅਜਿਹਾ ਮਹੱਤਵਪੂਰਨ ਹਿੰਦੂ ਅਸਥਾਨ ਤਾਂ ਨਹੀ ਸੀ ਜਿਥੇ ਗੁਰੂ ਸਾਹਿਬ ਦਾ ਆਉਣਾ ਬਣਦਾ ਹੋਵੇ। ਗਿਆਨੀ ਨੇ ਇਥੇ ਇਕ ਸ਼ਬਦ ਉਚਾਰਣ ਦੀ ਵੀ ਗਲ ਕੀਤੀ ਹੈ ਜੋ ਸਾਬਤ ਹੁੰਦਾ ਹੈ ਕਿ ਉਹ ਦਿਓੜਸਿੱਧ ਉਚਾਰਿਆ ਗਇਆ ਸੀ। ਸਾਰੀ ਪੁੱਛ ਗਿੱਛ ਤੇ ਗੁਰਬਾਣੀ ਦੇ ਫੁਰਮਾਨ ਤੋ ਇਹੋ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਅਸਲ ਵਿੱਚ ਸ਼ਾਹ ਤਲਾਈ ਗਏ ਤੇ ਓਥੇ ਹੀ ਉਹ ਸ਼ਬਦ ਉਚਾਰਿਆ ਸੀ।

ਪਰ ਇਹ ਇਤਹਾਸਿਕ ਸਚਾਈ ਹੈ ਕਿ ਭਾਈ ਗੰਗੂ ਦਾਸ ਖੱਤਰੀ ਨੂੰ ਗੁਰੂ ਅਮਰਦਾਸ ਸਾਹਿਬ ਨੇ ਮੰਜੀ ਬਖਸ਼ ਮਸੰਦ ਥਾਪਿਆ ਸੀ। ਜੋ ਸਾਬਤ ਕਰਦਾ ਹੈ ਕਿ ਇਥੇ ਸਿੱਖੀ ਦਾ ਬੂਟਾ ਤਾਂ ਪਣਪ ਚੁੱਕਾ ਸੀ ਜਿਸ ਦੀ ਜੜ੍ਹ ਮੋਢੀ ਗੁਰੂ ਨੇ ਲਾਈ ਹੋਵੇ। ਹਾਲਾਂ ਸਥਾਨਿਕ ਲੋਕ ਮੋਢੀ ਗੁਰੂ ਦਾ ਆਉਣਾ ਨਹੀ ਮੰਨਦੇ ਪਰ ਇਤਹਾਸਿਕ ਹਵਾਲੇ ਆਉਣ ਦੇ ਪੱਖ ਵਿਚ ਹਨ। ਇਸ ਕਰਕੇ ਸਾਨੂੰ ਵੀ ਮੰਨਣਾ ਪਵੇਗਾ ਕਿ ਸਾਹਿਬ ਇਥੇ ਆਏ ਸਨ।

ਸਾਈਕਲ ਯਾਤਰੀ -192: ਨੇ ਤਸਦੀਕ ਕੀਤਾ ਹੈ "ਜੌਹੜ ਜੀ ਵਿਖੇ ਗੁਰੂ ਨਾਨਕ ਸਾਹਿਬ ਦਾ ਹੀ ਯਾਦਗਾਰੀ ਛੋਟਾ ਜਿਹਾ ਗੁਰਦੁਆਰਾ ਹੈ। ਜੋ 1931 ਵੇਲੇ ਮਹੰਤ ਮੋਤੀ ਰਾਮ ਬੱਸੀ ਖੱਤਰੀ ਦੇ ਕਬਜੇ ਵਿੱਚ ਹੈ। ਮੋਤੀ ਰਾਮ ਭਾਈ ਗੰਗੂ ਦੀ ਕੁਲ ਵਿੱਚੋਂ ਹਨ। ਭਾਈ ਗੰਗੂ ਦੀ ਹੀ ਓਲਾਦ ਵਿੱਚੋ ਬਾਬਾ ਜਵਾਹਰ ਸਿੰਘ ਹੋਏ ਨੇ। ਇਨਾਂ ਦਾ ਅਸਥਾਨ ਸਪਾਟੂ ਛਾਉਣੀ ਤੋਂ 8 ਮੀਲ ਮਟੇ ਪਾਸ ਹੈ।

ਇਸ ਗੁਰਦੁਆਰੇ ਮੁੱਖ ਕਬਜਾ ਮਹੰਤ ਬਲਰਾਮ ਸਿੰਘ ਸੋਢੀ ਦਾ ਹੈ ਜੋ ਪਿੰਡ ਹਰੀਪੁਰ ਨੇੜੇ ਕਾਲਕਾ ਦੇ ਰਹਿਣ ਵਾਲੇ ਹਨ। ਭਾਵ ਜੋ ਗੁਰਦੁਆਰੇ ਦਾ ਚੜ੍ਹਤ ਚੜ੍ਹਾਵਾ ਹੁੰਦਾ ਹੈ ਉਹ ਸੋਢੀ ਲੈ ਜਾਂਦਾ ਹੈ। ਲਿਖਿਆ ਹੈ ਇਹ ਸੋਢੀ ਆਪਣੇ ਆਪ ਨੂੰ ਗੁਰੂ ਹੀ ਦੱਸਦਾ ਹੈ ਤੇ ਗੁਰੂ ਨਾਨਕ ਦਾ ਨਾਮ ਅਲੋਪ ਕੀਤਾ ਹੋਇਆ ਹੈ।

ਹਰਗੋਬਿੰਦ ਸਾਹਿਬ ਆਪਣੇ ਬੇਟੇ ਗੁਰਦਿਤਾ ਦੇ ਨਾਲ ਪੀਰ ਜੀ ਨੂੰ ਮਿਲਣ ਗਏ। ਪੀਰ ਨੇ ਕਿਹਾ ਕਿ ਤੁਹਾਡਾ ਦੁੱਧ ਮੇਰੇ ਕੋਲ ਅਮਾਨਤ ਪਿਆ ਹੈ ਤੇ ਉਸ ਵਕਤ ਫਿਰ ਗੁਰੂ ਹਰਗੋਬਿੰਦ ਸਾਹਿਬ ਤੇ ਬਾਬਾ ਗੁਰਦਿਤਾ ਨੇ ਪੀਰ ਬੁੱਢਣ ਸ਼ਾਹ ਦਾ ਦੁੱਧ ਪੀਤਾ। ਕਿਹਾ ਜਾਂਦਾ ਹੈ ਕਿ ਪੀਰ ਜੀ ਲੰਮੀ ਉਮਰ ਵਾਲੇ ਹੋਏ ਹਨ। ਕਈ ਲੋਕਾਂ ਨੇ ਪੀਰ ਜੀ ਦੀ ਉਮਰ 200 ਸਾਲ ਦੇ ਲਗ ਪੱਗ ਲਿਖੀ ਹੈ। ਉਨਾਂ ਦੀ ਲੰਮੀ ਉਮਰ ਕਰਕੇ ਹੀ ਪੀਰ ਜੀ ਦਾ ਨਾਂ ਬੁੱਢਣ ਸ਼ਾਹ ਕਰਕੇ ਹੀ ਪ੍ਰਸਿਧ ਹੈ। ✚

-----◈-----

## ਦਿਓੜਸਿੱਧ ਦਾ ਬਾਬਾ ਬਾਲਕ ਨਾਥ

**ਤੁਹਾਡਾ ਨਾਚ ਤਾਂ ਸਾਰਥਕ ਜੇ ਨਾਲ ਨਿਰੰਕਾਰ ਦੇ ਜੱਸ ਦਾ ਗਾਣਾ ਵੀ ਚਲੇ ■**

ਨਾਲਾਗੜ੍ਹ ਤੋਂ ਚਲਕੇ ਬੁੱਢਣ ਸ਼ਾਹ ਨੂੰ ਮਿਲਣ ਉਪਰੰਤ ਗੁਰੂ ਸਾਹਿਬ ਸ਼ਾਹ ਤਲਾਈ ਦੇ ਬਾਬਾ ਬਾਲਕ ਨਾਥ ਦੀ ਸਮਾਧੀ ਤੇ ਪਹੁੰਚੇ (ਕੀਰਤਪੁਰ ਤੋਂ 100 ਕਿ. ਮੀ) । ਬਾਬਾ ਬਾਲਕ ਨਾਥ ਜੀ 84 ਸਿੱਧਾਂ ਵਿੱਚੋਂ ਗਿਣੇ ਜਾਂਦੇ ਹਨ ਜੋ ਗੁਜਰਾਤ ਦੇ ਜੂਨਾਗੜ੍ਹ ਇਲਾਕੇ ਤੋਂ ਚਲਕੇ ਕੈਲਾਸ਼ ਪਰਬਤ ਤੇ ਸ਼ਿਵ ਜੀ ਦੇ ਦਰਸ਼ਨਾਂ ਨੂੰ ਆਏ ਸਨ ਤੇ ਵਾਪਸੀ ਤੇ ਇਥੇ ਹੀ ਰਹਿ ਗਏ ਤੇ ਸਮਾਂ ਗਏ। ਇਥੇ ਬਾਬਾ ਜੀ ਦੀ ਕਾਲੇ ਪੱਥਰ ਦੀ ਮੂਰਤੀ ਦੀ ਪੂਜਾ ਕੀਤੀ ਜਾਂਦੀ ਹੈ। ਬਾਬਾ ਬਾਲਕ ਨਾਥ ਦੇ ਚਿਮਟਾ ਬੈਰਾਗਣ ਤੇ ਖੜਾਵਾਂ ਆਦਿ ਅੱਜ ਵੀ ਸੰਭਾਲੀਆਂ ਹੋਈਆਂ ਹਨ। ਚਿਮਟੇ ਤੋਂ ਲੱਗਦਾ ਹੈ ਕਿ ਬਾਬਾ ਜੀ ਬਹੁਤ ਛੋਟੇ ਕੱਦ ਦੇ ਸਨ। ਇਸ ਕਰਕੇ ਭਗਤ ਓਨਾਂ ਨੂੰ ਬਾਲਕ ਰੂਪ ਵਿੱਚ ਹੀ ਵੇਖਦੇ ਹਨ।

ਜਦੋਂ ਗੁਰੂ ਸਾਹਿਬ ਇਥੇ ਪਹੁੰਚੇ ਚੇਤ੍ਰ ਦਾ ਸਲਾਨਾ ਤਿਓਹਾਰ ਵਾਲਾ ਮਹੀਨਾ ਸੀ। ਪਿੰਡਾਂ ਥਾਵਾਂ ਤੋਂ ਜਥਿਆਂ ਦੇ ਜਥੇ ਨੱਚਦੇ ਆ ਰਹੇ ਸਨ। ਗੁਰੂ ਸਾਹਿਬ ਇਹ ਸ਼ਰਧਾ ਵੇਖ ਕੇ ਬਹੁਤ ਖੁਸ਼ ਹੋਏ। ਸਾਹਿਬ ਨੇ ਲੋਕਾਂ ਨੂੰ ਸਮਝਾਇਆ ਕਿ ਇਹ ਨੱਚਣਾ ਸਾਰਥਿਕ ਤੱਦ ਹੋਵੇਗਾ ਜਦੋਂ ਨਾਲ ਮਾਲਕ ਦੀ ਸਿਫਤ ਸਲਾਹ ਦਾ ਗਾਣਾ ਵੀ ਚਲੇ। ਫਿਰ ਕੁਝ ਸਿਆਣੇ ਲੋਕਾਂ ਨੇ ਨਾਲ ਮਾਤਾ ਦੇ ਭਜਨ ਵੀ ਗਾਉਣੇ ਅਰੰਭੇ। ਗੁਰੂ ਸਾਹਿਬ ਨੇ ਕਿਹਾ ਨਹੀ ਉਸ ਨਿਰੰਕਾਰ ਦਾ ਜਸ ਗਾਓ ਜੋ ਅੱਜ ਏਸ ਵੇਲੇ ਵੀ ਤੁਹਾਡੇ ਅੰਗ ਸੰਗ ਹੈ। ਓਸ ਮੌਕੇ ਗੁਰੂ ਸਾਹਿਬ ਨੇ ਆਸਾ ਰਾਗ ਵਿੱਚ ਉੱਚੀ ਹੇਕ ਨਾਲ ਸ਼ਬਦ ਗਾਵਿਆ:○

ਵਾਜਾ ਮਤਿ ਪਖਾਵਜੁ ਭਾਉ ॥ ਹੋਇ ਅਨੰਦੁ ਸਦਾ ਮਨਿ ਚਾਉ ॥ ਏਹਾ ਭਗਤਿ ਏਹੋ ਤਪ ਤਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੧॥ ਪੂਰੇ ਤਾਲ ਜਾਣੈ ਸਾਲਾਹ ॥ ਹੋਰੁ ਨਚਣਾ ਖੁਸੀਆ ਮਨ ਮਾਹ ॥੧॥ ਰਹਾਉ ॥ ਸਤੁ ਸੰਤੋਖੁ ਵਜਹਿ ਦੁਇ ਤਾਲ ॥ ਪੈਰੀ ਵਾਜਾ ਸਦਾ ਨਿਹਾਲ ॥ ਰਾਗੁ ਨਾਦੁ ਨਹੀ ਦੂਜਾ ਭਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥ ਭਉ ਫੇਰੀ ਹੋਵੈ ਮਨ ਚੀਤਿ ॥ ਬਹਦਿਆ ਉਠਦਿਆ ਨੀਤਾ ਨੀਤਿ ॥ ਲੇਟਣਿ ਲੇਟਿ ਜਾਣੈ ਤਨੁ ਸੁਆਹੁ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੩॥ ਸਿਖ ਸਭਾ ਦੀਖਿਆ ਕਾ ਭਾਉ ॥ ਗੁਰਮੁਖਿ ਸੁਣਣਾ ਸਾਚਾ ਨਾਉ ॥ ਨਾਨਕ ਆਖਣੁ ਵੇਰਾ ਵੇਰ ॥ ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ॥੪॥੬ ॥

ਪੈੜ ਸਫਾ

✚ ਪੀਰ ਜੀ ਦਾ ਮਜ਼ਾਰ ਵੀ ਕੀਰਤਪੁਰ ਸਾਹਿਬ ਵਿਖੇ ਹੀ ਹੈ। ਫਿਰ ਜੰਮੂ ਅਤੇ ਕਲਾਨੌਰ (ਜਿਲਾ ਗੁਰਦਾਸਪੁਰ) ਵਿੱਚ ਵੀ ਪੀਰ ਬੁੱਢਣ ਸ਼ਾਹ ਦੇ ਮਜਾਰ ਹਨ। ਹੋ ਸਕਦਾ ਹੈ ਇਹ ਕੋਈ ਹੋਰ ਬੁੱਢਣ ਸ਼ਾਹ ਹੋਏ ਹੋਣ।

ਸਮਾਂ ਪਾ ਕੀਰਤਪੁਰ ਸਿੱਖੀ ਦਾ ਪ੍ਰਸਿਧ ਸਥਾਨ ਬਣਿਆ ਜਦੋਂ ਛੇਵੇ ਪਾਤਸ਼ਾਹ ਓਥੇ ਸਮਾ ਗਏ। ⊙ ਸਾਈਕਲ ਯਾਤਰੀ -805

ਦਿਓੜਸਿਧ ਵਿਖੇ ਹੀ ਗੁਰੂ ਸਾਹਿਬ ਨੇ ਇੱਕ ਹੋਰ ਜਾਲਮਾਨਾ ਰਸਮ ਵੇਖੀ ਜਿਸ ਤੇ ਸਾਹਿਬ ਦਾ ਕੋਮਲ ਹਿਰਦਾ ਤੜਫ ਉਠਿਆ। ਲੋਕ ਕੀ ਕਰ ਰਹੇ ਸਨ ਕਿ ਸ਼ੁਕਰਾਨੇ ਵਜੋਂ (ਬੱਚੇ ਆਦਿ ਦੇ ਜਨਮ ਤੇ) ਸਿੱਧ ਅਸਥਾਨ ਤੇ ਬੱਕਰੇ ਤੇ ਜਾਨਵਰਾਂ ਦੀ ਬਲੀ ਦੇ ਰਹੇ ਸਨ। ਐਵੇਂ ਜਾਨਵਰ ਮਾਰ ਮਾਰ ਸੁੱਟੇ ਹੋਏ ਸਨ। ਗੁਰੂ ਸਾਹਿਬ ਨੇ ਇਸ ਗੱਲ ਦੀ ਸਖਤ ਲਫਜ਼ਾਂ ਵਿੱਚ ਖੰਡਣਾਂ ਕੀਤੀ ਕਿ ਮੂਰਖੋ ਉਸ ਨਿਰਜੀਵ ਪੱਥਰ ਦੇ ਅੱਗੇ ਤੁਸੀ ਜਿੰਦਾ ਜਾਗਦਾ ਜੀਅ ਮਾਰ ਰਹੇ ਹੋ ਤੁਹਾਡੀ ਬੁੱਧ ਨੂੰ ਕੀ ਹੋ ਗਇਆ? ਓਏ ਮੂਰਖੋ ਉਹ ਨਿਰੰਕਾਰ ਤਾਂ ਘੱਟ ਘੱਟ ਵਿੱਚ ਬਿਰਾਜਮਾਨ ਹੈ। ਤੁਸੀ ਉਸ ਨੂੰ ਖੁਸ਼ ਕਰਨ ਖਾਤਰ ਓਸੇ ਦਾ ਘਾਤ ਕਰ ਰਹੇ ਹੋ। ਭੋਲਿਓ ਇਸ ਬੇਜਾਨ ਪੱਥਰ ਤੋਂ ਤੁਸੀ ਕੀ ਹਾਸਲ ਕਰਨਾਂ ਚਾਹੁੰਦੇ ਹੋ?

ਗੁਰੂ ਸਾਹਿਬ ਦੇ ਵੇਲਿਆਂ 'ਚ ਏਥੇ ਦਿਓੜਸਿੱਧ ਵਿੱਚ ਸਿੱਧ ਜੋਗੀਆਂ ਦਾ ਜਮਘਟ ਹੁੰਦਾ ਸੀ। ਅਜ ਕਲ੍ਹ ਮੰਦਰ ਦਾ ਕੰਟਰੋਲ ਹਿਮਾਚਲ ਸਰਕਾਰ ਅਧੀਨ ਹੈ ਤੇ ਪੂਜਾ ਅਰਚਨਾ ਹਿਮਾਚਲੀ



ਬਾਬਾ ਬਾਲਕ ਨਾਥ ਦਾ ਸਥਾਨ, ਦਿਓੜ ਸਿੱਧ, ਸ਼ਾਹ ਤਲਾਈ, ਹਿਮਾਚਲ

ਬ੍ਰਾਹਮਣਾਂ ਦੇ ਹੱਥ ਵਿੱਚ ਹੈ। ਸਿੱਧ ਜੋਗੀਆਂ ਦਾ ਹੁਣ ਇਥੇ ਕੋਈ ਮਤਲਬ ਨਹੀ ਰਹਿ ਗਿਆ।

ਮੰਦਰ ਦਿਓੜ ਸਿੱਧ ਤੋਂ ਪੱਛਮ ਪਾਸੇ 18 ਕਿ.ਮੀ ਨੱਕ ਦੀ ਸੇਧ ਤੇ ਜਿੱਥੇ ਅਜ ਕਲ ਨੰਗਲ ਕਸਬਾ ਵੱਸਿਆ ਹੋਇਆ ਹੈ ਤੇ ਵਿੱਚ ਭਾਖੜਾ ਦਾ ਗੋਬਿੰਦ ਸਾਗਰ ਹੈ ਇਥੇ ਬਾਬਾ ਉਧੋ ਮੰਦਰ ਹੈ ਇਸ ਦੇ ਉਤਰ ਪਾਸੇ ਟੈਲੀਫੂਨ ਐਕਸਚੇਂਜ ਹੈ। ਇਸ ਐਕਸਚੇਂਜ ਅਤੇ ਮੰਦਰ ਦੇ ਦਰਮਿਆਨ ਜਿਹੇ ਗੁਰੂ ਸਾਹਿਬ ਦਾ ਯਾਦਗਾਰੀ ਮੰਜੀ ਸਾਹਿਬ ਹੁੰਦਾ ਸੀ: ਪਿੰਡ ਖਬੇੜੇ। ਜਿੱਥੇ ਗੁਰੂ ਸਾਹਿਬ ਬਿਰਾਜੇ ਸਨ। ਪਰ ਜਦੋਂ ਗੁਰਦੁਆਰਾ ਲਹਿਰ ਦੇ ਦੌਰਾਨ ਸਿੱਖਾਂ ਨੇ ਇਸ ਮੰਜੀ ਸਾਹਿਬ ਦਾ ਕਬਜਾ ਲੈਣਾ ਚਾਹਿਆ ਤਾਂ ਮਹੰਤ ਨੇ ਕੇਸ ਕੀਤਾ। ਉਸ ਉਪਰੰਤ ਕੇਸ ਦਾ ਕੀ ਬਣਿਆ ਸਾਨੂੰ ਕੁਝ ਪਤਾ ਨਹੀ। ਪਰ ਉਸ ਪਵਿਤ੍ਰ ਮੰਜੀ ਸਾਹਿਬ ਦੀ 1934 ਵਿੱਚ ਖਿੱਚੀ ਤਸਵੀਰ ਅੱਜ ਵੀ ਯਾਦ ਦਿਵਾਉਦੀ ਹੈ ਕਿ ਸਤਲੁਜ ਕਿਨਾਰੇ ਗੁਰੂ ਸਾਹਿਬ ਨੇ ਆਸਣ ਕੀਤਾ ਸੀ। ਇਹ ਅਸਥਾਨ ਝੰਡਾ ਬਾਬਾ ਨਾਨਕ ਦੀ ਧਰਮਸਾਲਾ ਦੇ ਨਾਂ ਨਾਲ ਮਸ਼ਹੂਰ ਸੀ। ਗੁਰਦੁਆਰਾ ਲਹਿਰ ਵੇਲੇ ਮਹੰਤ ਨੇ ਝੰਡਾ ਲਾਹ ਦਿੱਤਾ ਸੀ। (ਇਹ ਇਤਹਾਸਿਕ ਤਸਵੀਰ ਇਥੇ ਦਿੱਤੀ ਜਾਂਦੀ ਹੈ)⊙

-----◈-----

## ਰਿਵਾਲਸਰ ਦੇ ਤਰਦੇ ਟਿੱਬੇ

ਦਿਓੜਸਿੱਧ ਤੋਂ ਗੁਰੂ ਸਾਹਿਬ ਓਸ ਰਸਤੇ ਰਿਵਾਲਸਰ ਨੂੰ ਗਏ ਜਿੱਥੇ ਅਜ ਕਲ ਪਿੰਡ ਦੁਲਚੇਹਰਾ, ਚਕਰਾਲਾ, ਬਾਘੜ, ਬਿਝਰੀ, ਤੰਗਰ, ਗੋਦੀ, ਬਹਾਲ ਰਤੋਂ, ਪੰਧਵੀਂ, ਪਲਾਸੀ, ਝਾੜਲੋਗ, ਘੰਡਲਵਾਹ, ਹਟਵਾਰ, ਜਾਹੂ, ਨੀਂਵਾ ਭੰਬਲਾ, ਜਬੋਥ, ਖਲਕੜ, ਰਸਤੇ ਰਿਵਾਲਸਰ ਪਹੁੰਚੇ। ਰਿਵਾਲਸਰ ਦੀ ਪ੍ਰਚਲਤ ਕਥਾ ਲੋਕਾਂ ਵਿਚ ਮਸ਼ਹੂਰ ਸੀ ਕਿ ਇੱਥੇ ਇੱਕ ਰਾਜੇ ਦੀ ਧੀ ਦਾ ਇੱਕ ਸੰਨਿਆਸੀ ਬੋਧੀ ਭਿਖਸ਼ੂ ਨਾਲ ਪਿਆਰ ਹੋ ਗਇਆ ਸੀ।

ਮੰਡੀ ਤੋਂ 25 ਕਿ.ਮੀ. ਰਿਵਾਲਸਰ ਜਾਂ ਤ੍ਰਿਸਨਾਗਾਮ ਅੱਜ ਛੋਟਾ ਜਿਹਾ ਨਗਰ ਹੈ ਜਿਸ ਦਾ ਜਿਕਰ ਹਿੰਦੂ ਗ੍ਰੰਥ ਸਕੰਧ ਪੁਰਾਣ ਵਿੱਚ ਵੀ ਮਿਲਦਾ ਹੈ। ਸਿਕੰਧ ਪੁਰਾਣ ਅਨੁਸਾਰ ਇਥੇ ਲੋਮਸ ਰਿਸ਼ੀ ਨੇ ਭਗਤੀ ਕੀਤੀ ਸੀ ਤੇ ਪੰਜੇ ਪਾਂਡਵ ਇਥੇ ਲੰਮਾ ਸਮਾਂ ਰਹੇ ਸਨ। ਪਾਂਡਵਾਂ ਨਾਲ ਸਬੰਧਤ ਇਥੇ 7 ਝੀਲਾਂ ਨੇ।

ਰਿਵਾਲਸਰ ਤੋਂ ਨੇੜੇ ਹੀ ਸਿਓਕੋਟ ਨਾਂ ਦੀ ਰਿਆਸਤ ਹੁੰਦੀ ਸੀ। (ਇਹ ਕਥਾ 1200 ਸਾਲ ਪੁਰਾਣੀ ਹੋ ਸਕਦੀ ਹੈ। ਓਦੋਂ ਅਜੇ ਮੰਡੀ ਸ਼ਹਿਰ ਨਹੀ ਸੀ ਹੁੰਦਾ। ਮੰਡੀ 1527 ਈ ਨੂੰ ਬੱਝਾ ਸੀ




**"ਬਲੀ ਦੇ ਬੱਕਰੇ"** ਸ਼ਾਹ ਤਲਾਈ ਵਿਖੇ ਬਲੀ ਦੇਣ ਵਾਲੀ ਰਸਮ ਅੱਜ ਵੀ ਛੁੱਟ ਪੁੱਟ ਰੂਪ ਵਿਚ ਕਾਇਮ ਹੈ। ਸ਼ੁਕਰ ਹੈ ਅੱਜ ਮਨੁੱਖੀ ਬਲੀ ਨਹੀ ਦਿੱਤੀ ਜਾਂਦੀ। ਸਿਰਫ ਬੱਕਰਾ ਹੀ ਚੜ੍ਹਦਾ ਹੈ। ਭੈਂਸਾ (ਸੰਢਾ) ਵਿਚਾਰਾ ਵੀ ਬਚ ਗਇਆ। ਖੁਸ਼ਕਿਸਮਤੀ ਨਾਲ ਅੱਜ ਪੁਜਾਰੀ ਬੜੇ ਸੂਝਵਾਨ ਹਨ।

ਗੁਰੂ ਸਾਹਿਬ ਦੀ ਫੇਰੀ ਦੇ ਮਗਰੋ।)

ਨਗਰ ਦਾ ਮੁਖ ਤੌਰ ਤੇ ਬੋਧੀਆਂ ਨਾਲ ਸਬੰਧ ਹੈ। ਗੁਰੂ ਪਦਮਸੰਭਵ ਜਿਸਨੇ 8ਵੀ ਸਦੀ ਈ. ਵਿੱਚ ਤਿੱਬਤ ਵਿੱਚ ਬੁੱਧ ਧਰਮ ਦਾ ਪਰਸਾਰ ਪ੍ਰਚਾਰ ਕੀਤਾ, ਉਸ ਦਾ ਸਬੰਧ ਇਸ ਨਗਰ ਨਾਲ ਜੋੜ ਕੇ ਦੱਸਿਆ ਜਾਂਦਾ ਹੈ। ਪਰ ਪੁਰਾਤਨ ਤਿਬਤੀ ਗ੍ਰੰਥਾਂ ਵਿੱਚ ਜੋ ਪਦਮਸੰਭਵ ਦੀ ਕਹਾਣੀ ਦੱਸੀ ਗਈ ਹੈ ਉਹ ਕੁਝ ਇਸ ਪ੍ਰਕਾਰ ਹੈ:-

**ਪਦਮਸੰਭਵ** - ਬੋਧੀ ਕਥਾ ਅਨੁਸਾਰ:- ਮਹਾਨ ਸਿੰਧ ਦਰਿਆ ਜਦੋਂ ਪੱਛਮ ਵਲ ਵਹਿੰਦਾ ਹੈ ਤਾਂ ਉਦਿਆਨ ਦੇ ਇਲਾਕੇ (ਇਤਹਾਸਕਾਰ ਮੰਨਦੇ ਹਨ ਸਵਾਤ ਘਾਟੀ ਮਤਲਬ ਪੇਸ਼ਾਵਰ ਦੇ ਚੜ੍ਹਦੇ ਪਾਸੇ ਦੇ ਇਲਾਕੇ ਨੂੰ ਪੁਰਾਣੇ ਸਮਿਆ ਵਿੱਚ ਉਦਿਆਨ




1934 ਦੀ ਫੋਟੋ। ਗੁਰਦੁਆਰਾ ਝੰਡਾ ਸਾਹਿਬ, ਖਬੇੜੇ, ਦਿਓੜਸਿੱਧ- ਸਾਈਕਲ ਯਾਤਰੀ

ਭਾਵ ਬਾਗ ਕਿਹਾ ਜਾਂਦਾ ਸੀ।) ਜਦੋਂ ਦਾਖਲ ਹੁੰਦਾ ਹੈ ਤਾਂ ਇੱਕ ਥਾਂ ਵੱਡੀ ਝੀਲ ਬਣਾਉਦਾ ਹੈ। ਉਸ ਝੀਲ ਦਾ ਨਾਂ .. ਉਹ ਕਮਲ ਦੇ ਬੂਟਿਆਂ ਨਾਲ ਭਰਪੂਰ ਹੁੰਦੀ ਹੈ। ਪਰ ਝੀਲ ਦੇ ਐਨ ਵਿੱਚਕਾਰ ਇੱਕ ਬਹੁਤ ਵੱਡਾ ਕਮਲ ਦਾ ਫੁੱਲ ਖਿੜਦਾ ਹੈ। ਉਸ ਫੁੱਲ ਵਿੱਚੋਂ 8 ਸਾਲ ਦਾ ਇੱਕ ਬੱਚਾ ਨਿਕਲਦਾ ਹੈ ਜਿਸ ਦੇ ਇੱਕ ਹੱਥ ਵਿੱਚ ਕਮਲ ਦਾ ਫੁੱਲ ਤੇ ਦੂਸਰੇ ਵਿੱਚ ਤ੍ਰਿਸ਼ੂਲ ਹਥਿਆਰ (ਕਿਤੇ ਗਦਾ ਵੀ ਲਿਖਿਆ ਹੈ) ਹੁੰਦਾ ਹੈ। ਲੋਕ ਹੈਰਾਨ ਹਨ ਕਿ ਮਾਤਾ ਪਿਤਾ ਬਿਨਾਂ ਕਿਵੇ ਕਮਲ ਵਿੱਚੋਂ ਬੱਚਾ ਪੈਦਾ ਹੋ ਸਕਦਾ ਹੈ। ਅਚੰਭੇ ਵਿੱਚ ਇਕੱਤਰ ਹੋਏ ਲੋਕਾਂ ਨੂੰ ਬੱਚਾ ਬੁੱਧ ਧਰਮ ਦੀ ਸਿਖਿਆ ਦੇਣਾ ਸ਼ੁਰੂ ਕਰ ਦਿੰਦਾ ਹੈ।

ਦੂਸਰੇ ਪਾਸੇ ਦੇਸ ਦੇ ਰਾਜੇ ਇੰਦਰਭੂਤੀ ਦੇ ਘਰ ਓਲਾਦ ਨਹੀ ਹੁੰਦੀ ਹੈ। ਉਹ ਆਪਣਾ ਸਾਰਾ ਕੁਝ ਦਾਨ ਦੱਖਣਾ ਤੇ ਲਾ ਦਿੰਦਾ ਹੈ ਕਿ ਸ਼ਾਇਦ ਪੁੰਨ ਕਰਨ ਨਾਲ ਉਨੂੰ ਓਲਾਦ ਮਿਲ ਜਾਵੇ।

ਫਿਰ ਰਾਜੇ ਨੂੰ ਦੱਸਿਆ ਜਾਂਦਾ ਹੈ ਕਿ ਕਿਵੇ ਇੱਕ ਬਾਲਕ ਕਮਲ ਦੇ ਫੁੱਲ ਵਿੱਚੋਂ ਪੈਦਾ ਹੁੰਦਾ ਹੈ। ਰਾਜਾ ਇਹ ਸੁਣ ਕੇ ਹੈਰਾਨ ਹੋ ਜਾਂਦਾ ਹੈ ਤੇ ਮੁੰਡੇ ਨੂੰ ਆਪਣਾ ਪੁੱਤਰ ਬਣਾ ਲੈਂਦਾ ਹੈ। ਉਹਦਾ ਨਾਂ ਪਦਮਸੰਭਵ ਭਾਵ ਕਮਲ ਦੇ ਫੁੱਲ ਤੋਂ ਸੰਭਵ ਹੋਇਆ, ਭਾਵ ਪੈਦਾ ਹੋਇਆ ਰੱਖ ਦਿੱਤਾ ਜਾਂਦਾ ਹੈ। ਬਾਦ ਵਿੱਚ ਪਦਮਸੰਭਵ ਦਾ ਵਿਆਹ ਨੇੜੇ ਦੇ ਰਾਜੇ ਚੰਦਨ ਗੋਮਾਸ਼੍ਰੀ ਦੀ ਲੜਕੀ ਪ੍ਰਭਾਧਾਰਨੀ ਨਾਲ ਕਰ ਦਿੱਤਾ ਜਾਂਦਾ ਹੈ।

ਵਕਤ ਪਾ ਕੇ ਪਦਮਸੰਭਵ ਰਾਜਾ ਬਣਦਾ ਹੈ ਅਤੇ ਸ਼ਿਖਾਬੰਧ ਰਾਜਾ ਕਹਾਉਂਦਾ ਹੈ ਕਿਉਕਿ ਇਹਦੇ ਸਿਰ ਤੇ ਜੂੜਾਂ ਹੁੰਦਾ ਹੈ। ਪਰ ਕੁਝ ਸਮੇਂ ਬਾਦ ਪਦਮਸੰਭਵ ਇੱਕ ਰਿਸ਼ਵਤਖੋਰ ਵਜੀਰ ਦੇ ਪੁੱਤਰ ਨੂੰ ਮਾਰ ਦਿੰਦਾ ਹੈ। ਜਿਸ ਦੀ ਸਜਾ ਵਜੋਂ ਪੰਚਾਇਤ ਪਦਮ ਸੰਭਵ ਨੂੰ ਗੱਦੀਓ ਲਾਹ ਸੀਤਾਵਣ ਬਣਵਾਸ ਤੇ ਭੇਜ ਦਿੰਦੀ ਹੈ।

ਪੈੜ ਸਰਾ

■ ਦਿਓੜਸਿੱਧ ਵਿਖੇ ਅੱਜ ਵੀ ਸ਼ਰਧਾਲੂ ਨੱਚਦੇ ਆਉਦੇ ਹਨ। ਫਿਰ ਬੱਕਰਾ ਅੱਜ ਵੀ ਚੜ੍ਹਾਇਆ ਜਾਂਦਾ ਹੈ। ਤਸਵੀਰਾਂ ਵੇਖੋ। ਸੋ ਗਿਆਨੀ -192 ਜੀ ਦੀ ਇਹ ਭੁਲ ਹੈ ਕਿ ਉਕਤ ਸ਼ਬਦ ਜੌਹੜਸਰ ( ਜੌਹਰ ਜੀ) ਵਿਖੇ ਰਚਿਆ।

○ ਸੋਢੀ 2- 599 ਨੇ ਇਹ ਸ਼ਬਦ ਕਸੂਰ ਵਿੱਚ ਰਚਿਆ ਦੱਸਿਆ ਹੈ। ਜਰੂਰੀ ਇਹੋ ਜਿਹਾ ਸ਼ਬਦ ਗੁਰੂ ਸਾਹਿਬ ਨੇ ਕਈ ਥਾਂਈ ਵਰਤਿਆ ਹੋਵੇ।

◉ ਸਾਈਕਲ ਯਾਤਰੀ- 896



ਇਥੇ ਰਹਿ ਪਦਮਸੰਭਵ ਰਿਧੀਆਂ ਸਿਧੀਆਂ ਹਾਸਲ ਕਰ ਲੈਂਦਾ ਹੈ। ਉਹ ਬੁੱਧ ਗਇਆ ਰਹਿ ਕੇ ਵੀ ਬੁੱਧ ਧਰਮ ਦਾ ਗੂੜ ਗਿਆਨ ਹਾਸਲ ਕਰਦਾ ਹੈ।

ਉਹ ਜ਼ਹੌਰ ਦੇ ਰਾਜੇ ਸ਼ਾਸਤ੍ਰਧਾਰ ਦੀ ਧੀ ਮੰਦਰਾਵਾ ਨਾਲ ਵੀ ਵਿਆਹ ਕਰ ਲੈਂਦਾ ਹੈ। ਉਹ ਦੋਵੇਂ ਨਿਪਾਲ ਦੀ ਪ੍ਰਸਿਧ ਗੁੱਫਾ ਮ੍ਰਿਤਕਾ ਜਾਂ ਹਲੇਸ਼ ਵਿਖੇ ਲੰਮੀ ਉਮਰ ਹਾਸਲ ਕਰਨ ਲਈ ਬਖਸ਼ਸ਼ ਪ੍ਰਾਪਤ ਕਰ ਲੈਂਦੇ ਹਨ।

ਵਕਤ ਪਾ ਕੇ ਪਦਮਸੰਭਵ ਭੇਸ ਬਦਲ ਕੇ ਉਦਿਆਨ ਜਾਂਦਾ ਹੈ ਪਰ ਉਥੇ ਉਨੂੰ ਪਛਾਣ ਲਿਆ ਜਾਂਦਾ ਹੈ। ਹੁਕਮ ਹੋ ਜਾਂਦਾ ਹੈ ਕਿ ਇਨੂੰ ਜਿੰਦਾ ਜਲਾ ਦਿੱਤਾ ਜਾਵੇ। ਜਦੋਂ ਜੜੀ ਹੋਈ ਚਿੱਖਾ ਤੇ ਉਂਨੂੰ ਬੈਠਾ ਦਿੱਤਾ ਜਾਂਦਾ ਹੈ ਤਾਂ ਸਭ ਨੂੰ ਹੈਰਾਨੀ ਹੁੰਦੀ ਹੈ ਕਿ ਉਹ ਓਥੇ ਇਸ ਤਰਾਂ ਬੈਠਾ ਹੈ ਜਿਵੇ ਕਮਲ ਦੇ ਫੁੱਲ ਤੇ ਬੈਠਾ ਹੋਵੇ। ਰਾਜਾ ਸਮੇਤ ਵਜੀਰਾਂ ਦੇ ਉਹਦੇ ਪੈਰੀ ਪੈ ਜਾਂਦੇ ਹਨ।

ਕੁਝ ਸਮੇਂ ਬਾਦ ਫਿਰ ਪਦਮਸੰਭਵ ਤਿੱਬਤ ਵਿੱਚ ਮਹਾਯਾਨ ਬੁੱਧਮਤ ਦਾ ਪ੍ਰਚਾਰ ਕਰਨ ਜਾਂਦਾ ਹੈ।

ਇਸ ਕਹਾਣੀ ਕਰਕੇ ਤਿਬਤ ਦੇ ਲੋਕ ਉਦਿਆਨ ਇਲਾਕੇ ਨੂੰ ਪੰਜਾਬ ਹੀ ਸਮਝੀ ਜਾ ਰਹੇ ਹਨ।

**ਦੂਸਰੇ ਪਾਸੇ ਰਿਵਾਲਸਰ ਵਿੱਚ ਜੋ ਕਹਾਣੀ ਦੱਸੀ ਜਾਦੀ ਹੈ ਉਹ ਇਸ ਪ੍ਰਕਾਰ ਹੈ:-**

ਰਿਆਸਤ ਦਾ ਰਾਜਾ ਅਰਸ਼ਧਰ ਸੀ ਤੇ ਉਹਦੀ ਇੱਕ ਰਾਜਕੁਮਾਰੀ ਜਿਸ ਦਾ ਨਾਂ ਮੰਦਰਾਵਾ ਦੇਵੀ ਸੀ ਦਾ ਪਿਆਰ ਇੱਕ ਬੋਧੀ ਪ੍ਰਚਾਰਕ ਪਦਮਸੰਭਵ ਨਾਲ ਹੋ ਜਾਂਦਾ ਹੈ। ਰਾਜ ਪ੍ਰੋਹਿਤ ਦੇ ਕਹੇ ਰਾਜਾ, ਪਦਮਸੰਭਵ ਦੇ ਪਹਿਲਾਂ ਹੀ ਵਿਰੋਧੀ ਸਨ ਕਿਉਂਕਿ ਅਜੇ ਇਸ ਇਲਾਕੇ ਵਿੱਚ ਬੁੱਧ ਧਰਮ ਨਹੀ ਸੀ ਆਇਆ। ਰਾਜੇ ਨੂੰ ਜਦੋਂ ਪਤਾ ਲੱਗਾ ਤਾਂ ਉਸ ਨੇ ਹੁਕਮ ਦੇ ਦਿੱਤਾ ਕਿ ਭਿਖਸ਼ੂ ਪਦਮਸੰਭਵ ਨੂੰ ਜੀਦਿਆਂ ਜੀ ਸਾੜ ਦਿੱਤਾ ਜਾਵੇ।

ਕਿਹਾ ਜਾਂਦਾ ਹੈ ਕਿ ਜਦੋਂ ਭਿਖਸ਼ੂ ਦੀ ਚਿਤਾ ਠੰਡੀ ਹੋਈ ਤਾਂ ਓਥੇ ਕਮਲ ਦੇ ਫੁੱਲ ਵਿੱਚੋਂ ਇੱਕ 16 ਸਾਲਾਂ ਦਾ ਗਭਰੂ ਬਾਹਰ ਨਿਕਲ ਆਇਆ। ਜਿਸ ਤੇ ਇਲਾਕੇ ਵਿੱਚ ਤਹਿਲਕਾ ਮੱਚ ਗਿਆ। ਸ਼ਰਮਿੰਦੇ ਹੋਏ ਰਾਜੇ ਨੇ ਫਿਰ ਰਾਜਕੁਮਾਰੀ ਦਾ ਵਿਆਹ ਭਿਖਸ਼ੂ ਨਾਲ ਕਰ ਦਿੱਤਾ। ਇਸ ਇਲਾਕੇ ਵਿੱਚ ਜੋ ਝੀਲਾਂ ਨੇ ਬੋਧੀਆਂ ਦਾ ਕਹਿਣਾ ਹੈ ਕਿ ਇਹ ਗੁਰੂ ਰਿੰਪੋਚੇ ਨੇ ਪੈਦਾ ਕੀਤੀਆਂ ਹਨ। ਇਸੇ ਭਿਖਸ਼ੂ ਨੇ ਫਿਰ ਇਲਾਕੇ ਵਿੱਚ ਬੁੱਧ ਧਰਮ ਦਾ ਪ੍ਰਚਾਰ ਕੀਤਾ। ਕਿਹਾ ਜਾਂਦਾ ਕਿ ਤਿੱਬਤ ਵਿੱਚ ਬੁੱਧ ਧਰਮ ਨੂੰ ਫੈਲਾਉਣ ਵਾਲਾ ਪਦਮਸੰਭਵ ਹੀ ਸੀ। ਤਿਬਤ ਵਿੱਚ ਇਸਨੂੰ ਗੁਰੂ ਰਿੰਪੋਚੇ ਕਿਹਾ ਜਾਂਦਾ ਹੈ।

ਰਿਵਾਲਸਰ ਦੀ ਪਹਾੜੀ ਤੇ 123 ਫੁੱਟ ਉੱਚੀ ਗੁਰੂ ਰਿੰਪੋਚੇ ਦੀ ਮੂਰਤੀ ਬਣੀ ਹੋਈ ਹੈ। ਇਥੋਂ ਦੀਆਂ ਝੀਲਾਂ ਵਿੱਚ ਘਾਹ ਫੂਸ ਦੇ ਟਾਪੂ ਜਿਹੇ ਤਰਦੇ ਫਿਰਦੇ ਹਨ। ਜਿੰਨਾਂ ਤੇ ਛੋਟਾ ਛੋਟਾ ਨੜਾ ਉਗਿਆ ਹੁੰਦਾ ਹੈ। ਯਾਦ ਰਹੇ ਕਈ ਪੱਥਰਾਂ ਦੀਆਂ ਵੀ ਅਜਿਹੀਆਂ ਕਿਸਮਾਂ ਹੈਗੀਆਂ ਨੇ ਜਿਹੜੀਆਂ ਪਾਣੀ ਨਾਲੋਂ ਹੌਲੀਆਂ ਹੁੰਦੀਆਂ ਹਨ। ਇਥੋਂ ਦੇ ਲੋਕ ਇਹ ਗੁਰੂ ਰਿੰਪੋਚੇ ਦੀ ਕਰਾਮਾਤ ਮੰਨਦੇ ਹਨ। ਅੱਜ ਤੱਕ ਝੀਲ ਵਿੱਚ ਬਰੀਕ ਨੜੇ ਵਾਲੇ ਟਾਪੂ ਇਧਰ ਉਧਰ ਤਰਦੇ ਰਹਿੰਦੇ ਹਨ। ਲੱਗ ਪਗ ਰਿਵਾਲਸਰ ਬਾਬਤ ਮਿਲਦੀ ਹਰ ਵੈਬਸਾਈਟ ਤੇ ਇਨਾਂ ਤਰਦੇ ਟਾਪੂਆਂ ਦਾ ਜਿਕਰ ਹੈ।



ਤਿੱਬਤ ਦੇ ਰਾਜ ਗੁਰੂ ਰਿਮਪੋਚੇ ਜਾਂ ਪਦਮਸੰਭਵ ਦੀ ਸੋਨੇ ਅਤੇ ਚਾਂਦੀ ਦੀ ਬਣੀ ਮੂਰਤੀ। ਰਿਮਪੋਚੇ ਨੂੰ ਹਮੇਸ਼ਾਂ ਹੱਥ ਵਿਚ ਤ੍ਰਿਸ਼ੂਲ ਲਈ ਵਿਖਾਇਆ ਜਾਂਦਾ ਹੈ। ਇਹ ਵੀ ਇਕ ਸਬੂਤ ਹੈ ਜੋਗਮਤ ਤੇ ਬੁੱਧਮਤ ਦੇ ਮੂਲ ਵਿਚ ਇਕ ਹੋਣ ਦਾ।

ਅਨਪੜ੍ਹ ਲਾਮਿਆਂ ਨੇ ਗੁਰੂ ਰਿਮਪੋਚੇ ਅਤੇ ਗੁਰੂ ਨਾਨਕ ਦੇ ਨਾਵਾਂ ਵਿਚ ਅਜਿਹਾ ਰੋਲ ਘਚੋਲਾ ਪੈਦਾ ਕਰ ਦਿਤਾ ਹੈ ਕਿ ਅੱਜ ਕਈ ਲੋਕਾਂ ਨੂੰ ਸ਼ੱਕ ਪੈਦਾ ਹੋ ਗਇਆ ਹੈ ਕਿ ਗੁਰੂ ਨਾਨਕ ਦਾ ਤਿੱਬਤ, ਸਿੱਕਮ ਅਤੇ ਭੂਟਾਨ ਨਾਲ ਕੋਈ ਸਬੰਧ ਹੀ ਨਹੀ। ਰਹਿੰਦੀ ਕਸਰ ਮੂਰਖ ਸਿੱਖਾਂ ਨੇ ਕੱਢ ਦਿੱਤੀ ਹੈ। ਵੇਖੋ ਸਿੱਕਮ ਭੂਟਾਨ ਵਾਲੀ ਸਾਖੀ।

ਸੋ ਏਨਾ ਮਹੱਤਵਪੂਰਨ ਸਥਾਨ ਸੀ ਜਿੱਥੇ ਗੁਰੂ ਸਾਹਿਬ ਨੇ ਜਾ ਬੋਧੀਆਂ ਨੂੰ ਉਪਦੇਸ਼ ਦਿੱਤਾ। ਯਾਦ ਰਹੇ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਸਾਰੀ ਬਾਣੀ ਬੋਧੀਆਂ ਦੇ ਪ੍ਰਥਾਇ ਹੈ। ਓਸ ਵੇਲੇ ਦਾ ਬੁਧ ਧਰਮ ਜੋਗਮਤ ਰਲਦਾ ਮਿਲਦਾ ਜਿਹਾ ਧਰਮ ਸੀ। ਬੋਧੀ ਲੋਕ



ਗੁਰਦੁਆਰਾ ਰੇਵਾਲਸਰ

ਨਿਰੰਕਾਰ ਦੀ ਹੋਂਦ ਤੋਂ ਮੁਨੱਕਰ ਹਨ। ਇਸ ਕਰਕੇ ਗੁਰੂ ਸਾਹਿਬ ਨੇ ਇਨਾਂ ਨੂੰ ਨਿਰੰਕਾਰ ਦੀ ਨਿਰੰਤਰ ਹੋਂਦ ਦਾ ਅਹਿਸਾਸ ਕਰਾਇਆ।

ਕਮਲ ਵਿੱਚੋਂ ਪਦਮਸੰਭਵ ਦੇ ਪੈਦਾ ਹੋਣ ਤੇ ਲੱਗਦੈ ਗੁਰੂ ਸਾਹਿਬ ਨੇ ਦੱਸਿਆ ਕਿ ਭਾਈ ਹਿੰਦੂ ਜੋਗੀਆਂ ਇਹੋ ਕਹਾਣੀ ਬ੍ਰਹਮਾ ਬਾਰੇ ਦੱਸੀ ਹੈ।

**ਗੂਜਰੀ ਮਹਲਾ ੧ ॥ ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥ ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥੧॥ ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥ ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰਿ ॥੧॥ ਰਹਾਉ ॥ ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ ॥ ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥੨॥ ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥ ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੩॥ ਸੁਰਿ ਨਰ ਨਾਥ ਬੇਅੰਤ ਅਜੋਨੀ ਸਾਚੈ ਮਹਲਿ ਅਪਾਰਾ ॥ ਨਾਨਕ ਸਹਜਿ ਮਿਲੇ ਜਗਜੀਵਨ ਨਦਰਿ ਕਰਹੁ ਨਿਸਤਾਰਾ ॥੪॥੨॥**

ਗੁਰੂ ਸਾਹਿਬ ਦੇ ਵੇਲੇ ਸਿਓਕੋਟ (ਮੰਡੀ ਨੇੜੇ ) ਦਾ ਰਾਜੇ ਅਜ਼ਬਰ ਸੈਨ ਨੂੰ ਨਿਰੰਕਾਰ ਦਾ ਉਪਦੇਸ਼ ਦਿੱਤਾ। ਇਥੋਂ ਦੇ ਹਾਲਾਤਾਂ ਦਾ ਜਿਕਰ ਗੁਰਬਾਣੀ ਵਿੱਚ ਵੀ ਮਿਲਦਾ ਹੈ ਜਿਸ ਬਾਰੇ ਕੀੜਗ੍ਰਾਮ ਵਾਲੀ ਸਾਖੀ ਵਿੱਚ ਸਬੰਧਤ ਗੁਰਬਾਣੀ ਦਿੱਤੀ ਗਈ ਹੈ।

-----◆-----

## ਗੁਰੂ ਸਾਹਿਬ ਨੂੰ ਇਸਨਾਨ ਕਰਦੇ ਵੇਖ ਜੋਗੀ ਬੋਲਿਆ, ਕਿਓ ਮਰਨ ਲੱਗਾ ਏ?

ਦਿਨ ਤਾਂ ਗਰਮੀਆਂ ਦੇ ਹੀ ਸਨ। ਪਰ ਰਿਵਾਲਸਰ ਦੀ ਝੀਲ ਦਾ ਪਾਣੀ ਅਜੇ ਵੀ ਬਰਫ ਵਾਂਙੂ ਠੰਡਾ ਸੀ। ਇਤਹਾਸ ਦੱਸਦਾ ਹੈ ਕਿ ਗੁਰੂ ਸਾਹਿਬ ਇਸ਼ਨਾਨ ਕਰਨ ਵਿੱਚ ਬਹੁਤ ਅਨੰਦ ਮਹਿਸੂਸ ਕਰਦੇ ਸਨ। ਜਦੋਂ ਸਾਹਿਬ ਝੀਲ ਲਾਗਿਓ ਲੰਘੇ ਤਾਂ ਉਹਨਾਂ ਕਪੜੇ ਉਤਾਰ ਝੀਲ ਵਿੱਚ ਡੁੱਬਕੀ ਲਾਈ ਤਾਂ ਇੱਕ ਸਾਧੂ ਨੇ ਦੁਹਾਈ ਦੇ ਦਿੱਤੀ। ਕਿ ਭਾਈ ਲੱਗਦਾ ਕਿ ਤੂੰ ਨਵਾਂ ਇਸ ਇਲਾਕੇ ਵਿੱਚ ਆਇਆ ਹੈ। ਬੋਲ ਉਠਿਆ:-

> ਇਸਨਾਨ ਮਧੇ ਤੋ ਰਤੰ।
> ਸੁਅੰਗਤੇ ਭਗਤੰਤ ਗੁਣੀ।
> ਗੁਣੀ ਕੁਮੇਰ ਸੁਮੇਰ ਪਰਬਤ।
> ਮੀਨ ਸਰਵਰ ਤੁਰੰਤੇ।

ਭਾਵ ਏ ਭਾਈ ਤੈਨੂੰ ਇਸਨਾਨ ਕਰਨ ਦੀ ਕਾਹਦੀ ਕਾਹਲੀ ਹੈ। ਤੂੰ ਭਗਤ ਹੋਣ ਦਾ ਢੋਂਗ ਕਰਦਾ ਹੈ। ਵੇਖ ਸੁਮੇਰ ਆਦਿ ਪਰਬਤਾਂ ਤੇ ਬੈਠੇ ਸਾਧੂਆਂ ਨੂੰ ਉਹ ਭਗਤੀ (ਸਮਾਧੀ) ਵਿੱਚ ਹੀ ਪਏ ਇਸਨਾਨ ਕਰਦੇ ਹਨ। ਕਿਤੇ ਕੋਈ ਹਿੱਲ ਜੁਲ ਨਹੀ ਰਿਹਾ, ਜਿਵੇ ਸਰੋਵਰ ਵਿੱਚ ਮੱਛੀ ਦਾ ਪਤਾ ਨਹੀ ਲੱਗਦਾ। ਭਾਵ ਇਸ ਇਸਨਾਨ ਦਾ ਕੋਈ ਲਾਭ ਨਹੀ। ਲਾਭ ਮਿਲਣਾ ਤੈਨੂੰ ਪ੍ਰਭੂ ਭਗਤੀ ਭਾਵ ਸਮਾਧੀ ਤੋਂ।


ਸਾਹਿਬ ਨੇ ਜਵਾਬ ਦਿੱਤਾ:-

**ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥ ਗੁਰਮੁਖਿ ਪਾਵੈ ਦਰਗਹ ਮਾਨੁ ॥ ਗੁਰਮੁਖਿ ਭਉ ਭੰਜਨੁ ਪਰਧਾਨੁ ॥ ਗੁਰਮੁਖਿ ਕਰਣੀ ਕਾਰ ਕਰਾਏ ॥ ਨਾਨਕ ਗੁਰਮੁਖਿ ਮੇਲਿ ਮਿਲਾਏ॥**

ਗੁਰੂ ਸਾਹਿਬ ਨੇ ਸਾਧੂ ਨੂੰ ਇਸਨਾਨ ਦੇ ਫਾਇਦੇ ਦੱਸੇ ਤੇ ਸਮਝਾਇਆ ਕਿ ਅਸਲ ਸਮਾਧੀ ਕੀ ਹੈ:-

**ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥ ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥ ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ ਰਹਾਉ ॥**

ਭਾਈ ਅਟੁਟ ਸਮਾਧੀ ਤਾਂ ਉਹ ਹੋਵੇ ਜਿਸ ਵਿੱਚ ਹਉਮੇ ਵੱਸ ਵਿੱਚ ਹੋਵੇ। (ਤੇਰੇ ਸਾਧੂ ਹੋਣ ਦਾ ਕੀ ਫਾਇਦਾ ਮਾਮੂਲੀ ਗੱਲ ਤੇ ਤੈਨੂੰ ਗੁੱਸਾ ਆ ਗਿਆ। ਸਮਾਜਕ ਜੀਵਨ ਵਿੱਚ ਵਿੱਚਰਦਿਆਂ ਦੀ



ਰਿਵਾਲਸਰ ਝੀਲ ਅਤੇ ਗੁਰੂ ਰਿਮਪੋਚੇ ਦੀ ਵਿਸ਼ਾਲ ਮੂਰਤੀ ਜੋ ਦੂਰੋ ਹੀ ਨਜਰ ਆਉਦੀ ਹੈ।

ਸਮਾਧੀ ਹੋਵੇ ਜਿਸ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਸਿਕੰਜਾ ਹੋਵੇ)

ਸਾਧੂ ਲਾਜਵਾਬ ਹੋ ਕੇ ਸਿੱਖੀ ਧਾਰਨ ਕੀਤੀ।

-----◆-----

## ਜਵਾਲਾਮੁਖੀ – ਤੁਹਾਡਾ ਹੱਠ ਵਿਅਰਥ ਹੈ

ਰਿਵਾਲਸਰ ਤੋਂ 90 ਕਿ. ਮੀ. ਦਾ ਪੈਂਡਾ ਕਰਕੇ ਜਿੱਥੇ ਅਜਕਲ ਪਿੰਡ ਖਲਕੜ, ਜਾਹੂ, ਪੱਤਾ ਬਣੀਆਂਵਾਲਾ, ਭਰਾਲ, ਮਹਿਲ, ਤਾਲ, ਗਾਹਲੀਆਂ, ਹਮੀਰਪੁਰ ਥਾਣੀ ਹੁੰਦੇ ਹੋਏ, ਗੁਰੂ ਸਾਹਿਬ ਨਰਾਤਿਆਂ ਦੇ ਦਿਨਾਂ ਵਿੱਚ ਭਾਵ ਅਪ੍ਰੈਲ ਮਹੀਨੇ ਜਵਾਲਾ ਜੀ ਪਹੁੰਚੇ। ਇਥੋਂ ਦੇ ਬ੍ਰਾਹਮਣਾਂ ਨੇ ਗੁਰੂ ਸਾਹਿਬ ਨੂੰ ਬੜਾ ਸਤਿਕਾਰ ਦਿੱਤਾ।

ਕਾਂਗੜਾ ਜਿਲੇ ਵਿੱਚ ਪਹਾੜੀਆਂ ਤੇ ਮੌਜੂਦ ਜਵਾਲਾ ਜੀ ਸਿਰਫ ਇੱਕ ਭੂਗੋਲਿਕ ਵਰਤਾਰਾ (Volcanic Activity) ਹੈ। ਚੱਟਾਨਾਂ ਦੀਆਂ ਤ੍ਰੇੜਾਂ ਵਿੱਚੋਂ ਹਾਈਡਰੋਕਾਰਬਨ ਗੈਸ ਤੇ ਪਾਣੀ ਰਿਸਦੇ ਰਹਿੰਦੇ ਹਨ। ਜਵਾਲਾ ਜੀ ਵਿਖੇ 9 ਥਾਵਾਂ ਤੇ ਗੈਸ ਨੂੰ ਅੱਗ ਲਾਈ ਹੋਈ ਹੈ। ਹਰ ਥਾਂ ਤੇ ਮੰਦਰ ਬਣੇ ਹੋਏ ਹਨ ਤੇ ਉਨਾਂ

ਨੂੰ ਦੇਵੀਆਂ ਦੇ ਨਾਂ ਨਾਲ ਜੋੜ ਦਿੱਤਾ ਗਇਆ ਹੈ।

ਕਿਹਾ ਜਾਂਦਾ ਹੈ ਕਿ ਕੋਈ 1000 ਕੁ ਸਾਲ ਪਹਿਲਾਂ ਇੱਕ ਆਜੜੀ ਭੇਡਾਂ ਬਕਰੀਆਂ ਚਾਰ ਰਿਹਾ ਸੀ ਕਿ ਉਸ ਨੇ ਜਮੀਨ ਵਿੱਚੋਂ ਆਪਣੇ ਆਪ ਪਾਣੀ ਤੇ ਗੈਸ ਰਿਸਦਾ ਵੇਖਿਆ। ਗੱਲ ਕਾਂਗੜਾ ਦੇ ਕਟੋਚ ਰਾਜਾ ਭੂਮੀ ਚੰਦ ਤੱਕ ਪਹੁੰਚੀ। ਰਾਜ ਪ੍ਰੋਹਿਤ ਦੇ ਉਪਦੇਸ਼ ਮੁਤਾਬਿਕ ਇਸ ਥਾਂ ਨੂੰ 52 ਸ਼ਕਤੀ ਪੀਠਾਂ ਵਿੱਚੋਂ ਇੱਕ ਐਲਾਨ ਦਿੱਤਾ ਗਿਆ।◘ (ਵੇਖੋ 52 ਸ਼ਕਤੀ ਪੀਠਾਂ ਦੀ ਕਹਾਣੀ ਸਫਾ-151) ਮਤਲਬ ਕਿ ਮਾਤਾ ਪਾਰਬਤੀ ਦੇ ਸਰੀਰ ਦੇ ਟੋਟੇ ਟੋਟੇ ਹੋਏ ਅੰਗ ਜਿੱਥੇ ਜਿਥੇ ਡਿੱਗਦੇ ਹਨ ਓਥੇ ਸ਼ਕਤੀਪੀਠ ਬਣਦੇ ਹਨ। ਜਵਾਲਾ ਜੀ ਕਿਹਾ ਗਇਆ ਕਿ ਇਥੇ ਮਾਤਾ ਦੀ ਜਬਾਨ ਡਿੱਗੀ ਸੀ। ਹੌਲੀ ਹੌਲੀ ਇਹ ਥਾਂ ਹਿੰਦੂ ਖੇਤਰ ਵਿੱਚ ਪ੍ਰਸਿੱਧ ਹੋ ਗਈ ਤੇ ਤੀਰਥ ਸਥਾਨ ਬਣ ਗਿਆ। ਜੋਗੀਆਂ ਨੇ ਵੀ ਆ ਡੇਰਾ ਜਮਾਇਆ। ਜਿਵੇ ਕਿ ਸ਼ਕਤੀ ਪੀਠਾਂ ਵਿੱਚ ਹੁੰਦਾ ਹੈ ਇਥੇ ਵੀ ਲੋਕ ਹੱਠ ਰਾਂਹੀ ਦੇਵੀ ਨੂੰ ਖੁਸ਼ ਕਰਨ ਲਈ ਕਈ ਕਾਰਵਾਈਆਂ ਕਰਦੇ ਹੁੰਦੇ ਸਨ। ਮਿਸਾਲ ਦੇ ਤੌਰ ਤੇ ਮਗਦੀ ਜਵਾਲਾ ਵਿੱਚ ਆਪਣੇ ਆਪ ਨੂੰ ਸੁੱਟ ਦੇਣਾਂ। ਆਪਣੀ ਜੁਬਾਨ ਵੱਢ ਕੇ ਦੇਵੀ ਦੀ ਲਾਟ ਨੂੰ ਅਰਪਨ ਕਰਨਾਂ ਜਾਂ ਹੋਰ ਅੰਗ ਜਿਵੇ ਕੋਈ ਉਂਗਲੀ ਜਾਂ ਹੱਥ ਜਾਂ ਪੈਰ ਵੀ ਅਰਪਣ ਕੀਤਾ ਜਾਂਦਾ ਸੀ। ਭਗਤਾਂ ਲਈ ਪ੍ਰੇਰਨਾ ਸਰੋਤ ਖੁਦ ਦੇਵੀ ਹੁੰਦੀ ਹੈ ਕਿਉਕਿ ਜਦੋਂ ਦੁਰਗਾ ਛਿਨਮਸਤਾ ਦਾ ਰੂਪ ਧਾਰਨ ਕਰਦੀ ਹੈ ਤਾਂ ਖੁੱਦ ਦੀ ਧੌਣ ਵੀ ਲਾਹ ਦਿੰਦੀ ਹੈ। ਧੌਣ ਵਿੱਚੋਂ ਲਹੂ ਦੀਆਂ ਤਿੰਨ ਤਤੀਰੀਆਂ ਨਿਕਲਦੀਆਂ ਹਨ ਜਿੰਨਾਂ ਵਿੱਚੋਂ ਦੋ ਤਾਂ ਦੇਵੀ ਦੀਆਂ ਭੈਣਾਂ ਪੀਦੀਆਂ ਹਨ ਤੇ ਇੱਕ ਧਾਰ ਖੁਦ ਦੇਵੀ ਦਾ ਕੱਟਿਆ ਹੋਇਆ ਸਿਰ ਪੀਂਦਾ ਹੈ। ਇੱਕ ਇਤਹਾਸਕਾਰ ਨੇ ਖੋਜ ਕੀਤੀ ਹੈ ਕਿ ਸ਼ਕਤੀ ਵਾਲੇ ਇਸ ਜੰਤਰ ਮੰਤਰ ਦੀ ਪ੍ਰੰਪਰਾ ਬੁੱਧ ਧਰਮ ਵਿੱਚੋਂ ਆਉਦੀ ਹੈ। ਕਿਉਕਿ ਬਿਲਕੁਲ ਓਹੋ ਕਹਾਣੀ ਤਿੱਬਤ ਦੇ ਬੁੱਧ ਧਰਮ ਵਿਚ ਹੈ ਜਿਥੇ ਦੇਵੀ ਦਾ ਨਾਂ ਦੁਰਗਾ ਦੀ ਥਾਂ ਵਜਰਾਯੋਗਿਨੀ ਹੈ ਅਤੇ ਇਸ ਅਵਸਥਾ ਨੂੰ ਓਥੇ ਛਿਨਮਸਤਾ ਦੀ ਥਾਂ ਛਿਨਮੁੰਡਾ ਕਿਹਾ ਗਇਆ ਹੈ।● ਏਸੇ ਪ੍ਰੰਪਰਾ ਅਧੀਨ ਸਤੀ ਦੀ ਰਸਮ ਹਿੰਦੁਸਤਾਨ ਵਿੱਚ ਸ਼ੁਰੂ ਹੋਈ।

ਗੁਰੂ ਸਾਹਿਬ ਨੇ ਇਨਾਂ ਰਸਮਾਂ ਨੂੰ ਬੇਅਰਥ ਦੱਸਿਆ ਤੇ ਦੁਨਿਆਵੀ ਜੀਵਨ ਤੋਂ ਜਿਹੜੇ ਲੋਕ ਤੰਗ ਆ ਕੇ ਅਜਿਹੇ ਕੰਮ ਕਰਦੇ ਸਨ ਓਨਾਂ ਨੂੰ ਸਮਝਾਇਆ ਕਿ ਜੇ ਤੁਸੀ ਆਪਣਾ ਜੀਵਨ ਅਨੰਦਮਈ ਬਣਾਉਣਾ ਚਾਹੁੰਦੇ ਹੋ ਜਿਸ ਵਿੱਚ ਫਿਕਰ ਚਿੰਤਾ ਨਾਂ ਹੋਵੇ ਤਾਂ ਕਿਸੇ ਗੁਰੂ ਦੀ ਸ਼ਰਨ ਵਿੱਚ ਜਾ ਕੇ ਨਿਰੰਕਾਰ ਦੀ ਭਗਤੀ ਕਰੋ ਉਹਦਾ ਨਾਮ ਜੱਪੋ ਭਾਵ ਸਿਫਤ ਸਲਾਹ 'ਚ ਲੱਗ ਜਾਓ। ਤੁਹਾਡੇ ਜੀਵਨ ਵਿੱਚ ਖੇੜਾ ਆ ਜਾਵੇਗਾ।

ਸਾਹਿਬ ਨੇ ਇਥੇ ਉੱਚੀ ਸੁਰ ਵਿੱਚ ਬਾਣੀ ਬੋਲੀ ਜਿਸ ਨਾਲ ਸਾਰਾ ਪਹਾੜੀ ਖੇਤ੍ਰ ਗੂੰਜ ਉਠਿਆ।

**ਸਿਰੀਰਾਗੁ ਮਹਲਾ ੧ ॥ ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥ ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ ॥ ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥੧॥ ਮਨ ਰੇ ਸਾਚੀ ਖਸਮ ਰਜਾਇ ॥ ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥੧॥ ਰਹਾਉ ॥ ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥ ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥ ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥੨॥ ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥ ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥ ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥ ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥ ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥ ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥ ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥ ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥ ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥ ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥ ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥**

ਜਦੋਂ ਹਰ ਕੋਈ ਇਸ ਕੁਦਰਤੀ ਵਰਤਾਰੇ ਮਤਲਬ ਜਗਦੀਆਂ ਲਾਟਾਂ ਦੀਆਂ ਸਿਫਤਾਂ ਕਰ ਰਿਹਾ ਸੀ ਤਾਂ ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਭੋਲਿਓ ਜੇ ਨਿਰੰਕਾਰ ਪ੍ਰਭੂ ਦੀਆਂ ਜਗਦੀਆਂ ਲਾਟਾਂ ਵੇਖਣੀਆ ਹਨ ਤਾਂ ਉਸ ਦੇ ਜਿੰਦਾ ਜਾਗਦੇ ਜੀਆਂ ਵਲ ਵੇਖੋ। ਤੁਹਾਨੂੰ ਥਾਂ ਥਾਂ ਉਸ ਪ੍ਰਭੂ ਦੀ ਜਗਦੀ ਜੋਤ ਨਜਰ ਆਵੇਗੀ।

**ਸੋਰਠਿ ਮਹਲਾ ੧ ਦੁਤੁਕੇ ॥ ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ**

---

ਪੈੜ ਸਫਾ

ਗੁਰੂ ਰਿਮਪੋਚੇ ਪਦਮਸੰਭਵ ਦੇ ਮੂਲ ਇਲਾਕੇ ਬਾਰੇ ਤਿੱਬਤੀ ਲੋਕਾਂ ਵਿੱਚ ਬਹੁਤ ਭੁਲੇਖੇ ਹਨ। ਤਿਬਤ ਕੋਈ ਛੋਟਾ ਮੋਟਾ ਦੇਸ ਨਹੀ ਹੈ। ਤਿੱਬਤ ਹਿੰਦੁਸਤਾਨ ਦੇ ਇੱਕ ਤਿਹਾਈ ਜਿੰਨਾ ਰਕਬਾ ਹੈ। ਕਿਉਕਿ ਮੂਲ ਸਰੋਤ ਵਿੱਚ ਇਹ ਆਉਂਦਾ ਹੈ ਕਿ ਰਿਮਪੋਚੇ ਪੱਦਮਸੰਭਵ ਉਦਿਆਨ ਇਲਾਕੇ ਨਾਲ ਤਾਅਲੁਕ ਰੱਖਦੇ ਸਨ। ਭੋਲੇ ਤਿੱਬਤੀ ਸਮਝਦੇ ਹਨ ਕਿ ਉਦਿਆਨ ਤੋਂ ਮਤਲਬ ਪੰਜਾਬ ਹੈ। ਹਾਲਾਂ ਉਦਿਆਨ ਇਲਾਕਾ ਇਤਹਾਸਕਾਰਾਂ ਨੇ ਪਛਾਣ ਲਿਆ ਹੈ ਕਿ ਇਹ ਪਾਕਿਸਤਾਨ ਦੀ ਸਵਾਤ ਘਾਟੀ ਹੈ। ਕਈ ਇਤਹਾਸਕਾਰ ਉਦਿਆਨ ਨੂੰ ਅਫਗਾਨਿਸਤਾਨ ਦਾ ਪੁਰਾਣਾ ਨਾਂ ਮੰਨਦੇ ਹਨ। ਦੂਸਰੇ ਪਾਸੇ ਮੁੱਖ ਧਾਰਾ ਬੋਧੀਆਂ ਨੇ ਮੰਨ ਲਿਆ ਹੈ ਕਿ ਰਵਾਲਸਰ ਹੀ ਉਦਿਆਨ ਹੈ ਤੇ ਓਥੇ ਪਹਾੜੀ ਜਿੱਡੀ ਉੱਚੀ ਮੂਰਤੀ ਵੀ ਬਣਾਈ ਹੋਈ ਹੈ ਗੁਰੂ ਰਿਮਪੋਚੇ ਦੀ। ਤਿੱਬਤੀ ਇਥੇ ਤੀਰਥ ਯਾਤਰਾ ਕਰਨ ਖੂਬ ਆਉਦੇ ਹਨ। ਪਰ ਕੁਝ ਦੂਰ ਪੂਰਬ ਤਿੱਬਤ ਦੇ ਲੋਕ ਉਦਿਆਨ ਨੂੰ ਅਜੇ ਵੀ ਪੰਜਾਬ ਹੀ ਮੰਨੀ ਬੈਠੇ ਹਨ।

ਕਿਉਕਿ ਗੁਰੂ ਨਾਨਕ ਪਾਤਸ਼ਾਹ ਨੇ ਤਿੱਬਤ ਵਿੱਚ ਫੇਰੀ ਪਾਈ ਸੀ ਇਸ ਕਰਕੇ ਕੁਝ ਭੋਲੇ ਤਿਬਤੀ ਗੁਰੂ ਰਿਮਪੋਚੇ ਤੇ ਗੁਰੂ ਨਾਨਕ ਨੂੰ ਇੱਕ ਹੀ ਸਮਝ ਲੈਂਦੇ ਹਨ। ਤਿਬਤੀ ਯਾਤਰੂ ਜਿਹੜੇ ਪੰਜਾਬ ਆਉਦੇ ਨੇ ਓਨਾਂ ਨੇ ਗੁਰੂ ਨਾਨਕ ਦੀਆਂ ਤਸਵੀਰਾਂ ਵੀ ਆਪਣੇ ਮੱਠਾਂ ਵਿੱਚ ਲਾ ਲਈਆਂ। ਇਨਾਂ ਭੋਲੇ ਲੋਕਾਂ ਨੂੰ ਇਨਾਂ ਅਹਿਸਾਸ ਹੀ ਨਹੀ ਕਿ ਗੁਰੂ ਨਾਨਕ ਤੇ ਗੁਰੂ ਰਿਮਪੋਚੇ ਦੇ ਕਾਲ ਵਿੱਚ 7-8 ਸਦੀਆਂ ਦਾ ਫਰਕ ਹੈ। ਕਈ ਲੋਕਾਂ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਅੰਮ੍ਰਿਤਸਰ ਜਿਹੜਾ ਸਰੋਵਰ ਹੈ ਇਹ ਹੀ ਉਦਿਆਨ ਦੀ ਮੂਲ ਝੀਲ ਹੈ। ਹਾਲਾਂ ਅੰਮ੍ਰਿਤਸਰ ਦੁਆਲੇ ਕੋਈ ਪਹਾੜ ਨਹੀ ਹਨ। ਕਹਿਣ ਤੋਂ ਮਤਲਬ ਸ਼ਰਧਾਲੂ ਲੋਕ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ।

ਇਨਾਂ ਲੋਕਾਂ ਦੀਆਂ ਹੀ ਗੱਲਾਂ ਸੁਣ ਕੇ ਸਾਡੇ ਡਾ. ਤ੍ਰਿਲੋਚਨ ਸਿੰਘ ਜਿਹੇ ਇਤਹਾਸਕਾਰਾਂ ਨੇ ਮੰਨ ਲਿਆ ਕਿ ਗੁਰੂ ਰਿਮਪੋਚੇ ਤੇ ਗੁਰੂ ਨਾਨਕ ਇੱਕ ਹੀ ਗੱਲ ਹੈ।

ਇਨਾਂ ਗੱਲਾਂ ਦਾ ਨਤੀਜਾ ਇਹ ਨਿਕਲਿਆ ਕਿ ਸ਼ਰਧਾਲੂ ਸਿੱਖਾਂ ਨੇ ਤਿਬਤ ਜਾਂ ਸਿਕਮ ਵਿੱਚ ਗੁਰਦੁਆਰੇ ਤਾਮੀਰ ਕਰਨੇ ਵੀ ਸ਼ੁਰੂ ਕਰ ਦਿੱਤੇ ਹਾਲਾਂ ਕਿ ਤਿਬਤੀਆਂ ਨੇ ਅਜਿਹੇ ਗੁਰਦੁਆਰਿਆਂ ਬਾਰੇ ਕੋਈ ਸ਼ਰਧਾ ਨਾਂ ਵਿਖਾਈ। ਨਤੀਜਾ: ਅੱਜ ਸਿੱਕਮ ਦੇ ਬੋਧੀਆਂ ਤੇ ਸਿੱਖਾਂ ਵਿੱਚ ਤਲਖੀ ਵਧੀ ਹੈ।

ਪਰ ਗੱਲ ਇਥੇ ਹੀ ਨਹੀ ਖਲੋਂਦੀ। ਕਿਉਕਿ ਅੱਜ ਕਲ ਸ੍ਰੀ ਭੀਮ ਰਾਓ ਅੰਬੇਦਕਰ ਦੇ ਸ਼ਰਧਾਲੂ ਕੁਝ ਦਲਿਤ ਲੋਕ ਬੁੱਧ ਧਰਮ ਗ੍ਰਿਹਣ ਕਰ ਰਹੇ ਹਨ ਓਨਾਂ ਵਿੱਚੋਂ ਇੱਕ ਨੇ ਆਪਣੀ ਕਿਤਾਬ ਵਿੱਚ ਦਾਅਵਾ ਹੀ ਠੋਕ ਦਿੱਤਾ ਹੈ ਕਿ ਸ੍ਰੀ ਹਰਮੰਦਰ ਸਾਹਿਬ ਮੂਲ ਵਿੱਚ ਬੋਧੀ ਅਸਥਾਨ ਹੈ।

ਦੀ ਮੂਲ ਕਹਾਣੀ

http://www.muktinath.org/buddhism/padmasambhava1.htm

ਕਈ ਲਿਖਾਰੀਆਂ ਗੁਰੂ ਸਾਹਿਬ ਦਾ ਮੰਡੀ ਜਾਣਾ ਲਿਖਿਆ ਹੈ। ( ਗਿਆਨੀ-188, ਕੋਹਲੀ ਆਦਿ) ਮੰਡੀ ਸ਼ਹਿਰ ਦੀ ਨੀਂਹ ਸੰਨ 1527 ਵਿੱਚ ਰੱਖੀ ਗਈ ਸੀ। ਸੋ ਓਥੇ ਜਾਣਾ ਬਣਦਾ ਨਹੀ ਗੁਰੂ ਸਾਹਿਬ ਦਾ। ਹਾਂ ਸਿਓਕੋਟ ਹੋ ਸਕਦੈ ਗਏ ਹੋਣ।

◉ ਬਾਲਾ -249

॥ ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ ॥੧॥ ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ ॥ ਰਹਾਉ ॥ ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥ ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ ॥੨॥ ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥ ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥ ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥ ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ॥੪

ਗੁਰੂ ਸਾਹਿਬ ਦੀ ਇਸ ਬਾਣੀ ਨੇ ਸਭ ਦਾ ਮੰਨ ਮੋਹ ਲਿਆ।

ਯਾਦ ਰਹੇ ਜਿੱਥੇ ਜਿਥੇ ਮਾਨਵਬਲੀ ਦਿੱਤੀ ਜਾਂਦੀ ਸੀ ਮੁਸਲਮਾਨ ਹੁਕਮਰਾਨਾਂ ਨੇ ਅਜਿਹੇ ਥਾਵਾਂ ਦਾ ਨੋਟਿਸ ਲੈ ਰੱਖਿਆ ਸੀ। ਕਈ ਥਾਂਈ ਅਜਿਹੇ ਮੰਦਰ ਢਹਾ ਵੀ ਦਿੱਤੇ ਗਏ। (ਵੇਖੋ ਪੰਨਾ- 107) ਸਿੱਖ ਰਾਜ ਆਉਣ ਵੇਲੇ ਤੱਕ ਮਾਨਵਬਲੀ ਬੰਦ ਹੋ ਚੁੱਕੀ ਸੀ। ਮੰਦਰ ਇਥੋਂ ਦੇ ਵੀ ਢਾਹੇ ਜਾ ਚੁੱਕੇ ਸਨ ਪਰ ਸ਼ਰਧਾਲੂਆਂ ਨੇ ਛੋਟੇ ਮੋਟੇ ਢਾਂਚੇ ਬਰਕਰਾਰ ਰੱਖੇ ਹੋਏ ਸਨ। ਕਿਉਂਕਿ ਮਹਾਰਾਜਾ ਰਣਜੀਤ ਸਿੰਘ ਹਰ ਧਰਮ ਦਾ ਸਤਿਕਾਰ ਕਰਦੇ ਸਨ ਜਵਾਲਾ ਜੀ ਦੇ ਮੰਦਰ ਮਹਾਰਾਜੇ ਨੇ ਆਪ ਆਪਣੇ ਸ਼ਹਿਜਾਦੇ ਖੜਗ ਸਿੰਘ ਰਾਂਹੀ ਬਣਵਾਏ। ਕਲਾਨੌਰ ਦਾ ਪ੍ਰਸਿੱਧ ਸ਼ਿਵ ਜੀ ਮੰਦਰ ਵੀ ਖੜਗ ਸਿੰਘ ਦੀ ਨਿਗਰਾਨੀ ਹੇਠ ਬਣਿਆ। ਪਹਾੜਾਂ ਦੀ ਦੰਦ ਕਥਾ ਮੁਤਾਬਿਕ ਪੰਜ ਪਾਂਡਵਾਂ ਨੇ ਪਹਿਲਾ ਮੰਦਰ ਇਥੇ ਬਣਾਇਆ ਸੀ।

ਜਵਾਲਾਮੁਖੀ ਵਿਖੇ ਗੁਰੂ ਸਾਹਿਬ ਅਰਜਨ ਨਾਂਗਾ ਜੋਗੀ ਦੇ ਡੇਰੇ ਤੇ ਰਹੇ। ਸਾਈਕਲ ਯਾਤਰੀ -666 ਨੇ ਆਪ ਡੇਰਾ ਅਰਜਨ ਨਾਂਗਾ ਵਿਖੇ ਅਰਜਨ ਦੀ ਮੂਰਤੀ ਦੇ ਨਾਲ ਹੀ ਗੁਰੂ ਸਾਹਿਬ ਦਾ ਯਾਦਗਾਰੀ ਥੜਾ ਵੇਖਿਆ ਅਤੇ ਤਸਵੀਰ ਲਈ ਜੋ ਨਾਲ ਦਿੱਤੀ ਜਾ ਰਹੀ ਹੈ।

ਗੁਰੂ ਸਾਹਿਬ ਦੀ ਆਮਦ ਨੂੰ ਧਿਆਨ ਵਿੱਚ ਰੱਖਦੇ ਹੋਏ ਮਹਾਰਾਜਾ ਰਣਜੀਤ ਸਿੰਘ ਨੇ ਇਥੇ ਮੁੱਖ ਮੂਰਤੀ ਤੇ ਸੋਨੇ ਦਾ ਛਤ੍ਰ ਚੜਾਇਆ। ਕਿਹਾ ਜਾਂਦਾ ਹੈ ਕਿ ਪਹਿਲਾਂ ਬਾਦਸ਼ਾਹ ਅਕਬਰ ਨੇ ਵੀ ਛਤ੍ਰ ਚੜਾਇਆ ਸੀ। ਖਾਲਸਾ ਮਹਾਰਾਜਾ ਨੇ ਫਿਰ ਇਥੇ ਦੋ ਗੁਰੂ ਗ੍ਰੰਥ ਸਾਹਿਬਾਨ ਦੇ ਪ੍ਰਕਾਸ਼ ਵੀ ਕਰਾਏ। ਸਾਈਕਲ ਯਾਤਰੀ ਨੇ ਦੁੱਖ ਪ੍ਰਗਟ ਕੀਤਾ ਕਿ ਦੋ ਗ੍ਰੰਥੀਆਂ ਨੂੰ ਬਕਾਇਦਾ ਤਨਖਾਹ ਵੀ ਮਿਲਦੀ ਹੈ ਪਰ ਇਹ ਲੋਕ ਪ੍ਰਕਾਸ਼ ਸਿਰਫ ਦਿਨ ਦਿਹਾੜੇ ਤੇ ਹੀ ਕਰਦੇ ਹਨ।

ਸਾਨੂੰ ਨਹੀ ਉਮੀਦ ਕਿ ਅੱਜ ਵੀ ਅਗਲਿਆਂ ਗੁਰੂ ਗ੍ਰੰਥ ਸਾਹਿਬ ਨੂੰ ਬਰਦਾਸ਼ਤ ਕੀਤਾ ਹੋਵੇ।

ਕਈ ਦਿਨ ਰਹਿ ਲੋਕਾਈ ਦਾ ਉਧਾਰ ਕਰਦੇ ਹੋਏ ਗੁਰੂ ਸਾਹਿਬ ਕਾਂਗੜੇ ਨੂੰ ਰਵਾਨਾ ਹੋ ਗਏ।

ਗੁਰੂ ਸਾਹਿਬ ਦੇ ਅਸਥਾਨ ਦੇ ਦਰਸ਼ਨ ਕਰਨ ਗੁਰੂ ਗੋਬਿੰਦ ਸਿੰਘ ਜੀ ਇਥੇ ਪਧਾਰ ਚੁੱਕੇ ਹਨ। ⊙

-----◆-----

## ਕਾਂਗੜੇ ਦਾ ਬਾਬਾ

ਜਵਾਲਾ ਮੁੱਖੀ ਤੋਂ 34 ਕਿ. ਮੀ ਦਾ ਪੈਂਡਾ ਕਰਕੇ ਗੁਰੂ ਸਾਹਿਬ ਕਾਂਗੜਾ ਪਹੁੰਚੇ। ਕਾਂਗੜੇ ਵਿੱਚ ਵੀ ਸਾਕਤ ਪੂਜਾ ਦਾ ਜੋਰ ਸੀ ਜਿਸ ਕਰਕੇ ਇਸ ਇਲਾਕੇ ਵਿੱਚ ਨੇੜੇ ਤੇੜੇ ਦੇ ਹੋਰ ਮੰਦਰਾਂ ਵਿੱਚ ਪਹੁੰਚ ਲੋਕਾਂ ਨੂੰ ਰਾਹੇ ਪਾਇਆ ਤੇ ਬਲੀ ਆਦਿ ਦੇਣ ਤੋਂ ਵਰਜਿਆ। ਇਥੇ ਬ੍ਰਿਜੇਸ਼ਵਰੀ ਮੰਦਰ ਵਿੱਚ ਗੁਰੂ ਸਾਹਿਬ ਦੇ ਪਹੁੰਚਣ ਬਾਰੇ ਪਾਂਡਿਆਂ ਵਿੱਚ ਸੀਨਾ ਬਸੀਨਾ ਗੱਲ ਚਲਦੀ ਆ ਰਹੀ ਹੈ।

ਫਿਰ ਕਾਂਗੜੇ ਤੋਂ ਹੋਲਤਾ (ਪਾਲਮਪੁਰ) ਤੇ ਫਿਰ ਆਵਾ ਖੱਡ ਦੇ ਨਾਲ ਨਾਲ ਚਲਦੇ ਹੋਏ ਬਿਜੌਲ ਦੇ ਲਾਗਿਓ ਰਾਵੀ ਦਰਿਆ ਦੇ ਕੰਢੇ ਕੰਡੇ ਚਲਦੇ ਹੋਏ ਕੋਈ 100 ਕਿ. ਮੀ ਦਾ ਸਫਰ ਕਰਕੇ ਭਰਮੌਰ ਪਹੁੰਚੇ।

-----◆-----

## ਭਰਮੌਰ ਦੇ ਸਿੱਧ ਜੋਗੀ

ਭਰਮੌਰ 7ਵੀ ਸਦੀ ਈ. ਤੋਂ ਧਾਰਮਿਕ ਤੇ ਰਾਜਨੀਤਕ ਕੇਂਦਰ ਚਲਿਆ ਆ ਰਿਹਾ ਹੈ। ਕਹਾਣੀ ਦੱਸੀ ਜਾਂਦੀ ਹੈ ਕਿ ਇਥੇ ਬਾਕਾਇਦਾ 9 ਨਾਥਾਂ ਤੇ 84 ਸਿੱਧਾਂ ਨੇ ਚਰਨ ਪਾਏ। ਗੁਰੂ ਸਾਹਿਬ ਹੁਣ ਤੱਕ ਸਿੱਧਾਂ ਤੇ ਨਾਥ ਜੋਗੀਆਂ ਨੂੰ ਬਹੁਤ ਚੰਗੀ ਤਰਾਂ ਸਮਝ ਚੁੱਕੇ ਸਨ। ਜੋਗੀ ਬਹੁਤ ਅਸਾਨੀ ਨਾਲ ਗੁਰੂ ਸਾਹਿਬ ਦੇ ਪੰਥ ਵਲ ਚਲੇ ਆਉਦੇ ਸਨ। ਸੋ ਗੁਰੂ ਸਾਹਿਬ ਨੇ ਜੋਗੀਆਂ ਨੂੰ ਕਾਲਪਨਿਕ ਖੰਡਾਂ ਤੇ ਸੁਰਤ ਲਾਉਣ ਤੋਂ ਹਟਾ ਕੇ ਧਰਤੀ ਤੇ ਮੌਜੂਦ ਸੱਚਖੰਡ ਦਾ ਅਹਿਸਾਸ ਦਿਵਾਇਆ। ਨਾਲੇ ਸਾਕਤ ਲੋਕਾਂ ਨੂੰ ਨਾਮ ਨਾਲ ਜੋੜਿਆ।



ਗੁਰ ਅਸਥਾਨ ਪਾਤਸ਼ਾਹੀ ਪਹਿਲੀ ਅਤੇ ਦਸਵੀ, ਅਰਜੁਨ ਨਾਂਗਾ ਮੰਦਰ ਵਿਖੇ ਮਹੰਤ ਸ਼ਰਨਦਾਸ ਅਤੇ ਉਸਦੀ ਮਾਤਾ ਖੜੇ ਹਨ। 17 ਜੂਨ 1933 । ਸਾਈਕਲ ਯਾਤਰੀ - 668)

ਲਗਦੈ ਇਥੇ ਕਿਸੇ ਸਾਧੂ ਆਦਿ ਦੀ ਮੌਤ ਤੇ ਇਹ ਸ਼ਬਦ ਬੋਲਿਆ:-

ਪ੍ਰਭਾਤੀ ਮਹਲਾ ੧ ॥ ਆਖਣਾ ਸੁਨਣਾ ਨਾਮੁ ਅਧਾਰੁ ॥ ਧੰਧਾ ਛੁਟਕਿ ਗਇਆ ਵੇਕਾਰੁ ॥ ਜਿਉ ਮਨਮੁਖਿ ਦੂਜੈ ਪਤਿ ਖੋਈ ॥ ਬਿਨੁ ਨਾਵੈ ਮੈ ਅਵਰੁ ਨ ਕੋਈ ॥੧॥ ਸੁਣਿ ਮਨ ਅੰਧੇ ਮੂਰਖ ਗਵਾਰ ॥ ਆਵਤ ਜਾਤ ਲਾਜ ਨਹੀ ਲਾਗੈ ਬਿਨੁ ਗੁਰ ਬੂਡੈ ਬਾਰੋ ਬਾਰ ॥੧॥ ਰਹਾਉ ॥ ਇਸੁ ਮਨ ਮਾਇਆ ਮੋਹਿ ਬਿਨਾਸੁ ॥ ਧੁਰਿ ਹੁਕਮੁ ਲਿਖਿਆ ਤਾਂ ਕਹੀਐ ਕਾਸੁ ॥ ਗੁਰਮੁਖਿ ਵਿਰਲਾ ਚੀਨ੍ਹੈ ਕੋਈ ॥ ਨਾਮ ਬਿਹੂਨਾ ਮੁਕਤਿ ਨ ਹੋਈ ॥੨॥ ਭ੍ਰਮਿ ਭ੍ਰਮਿ ਡੋਲੈ ਲਖ ਚਉਰਾਸੀ ॥ ਬਿਨੁ ਗੁਰ ਬੂਝੇ ਜਮ ਕੀ ਫਾਸੀ ॥ ਇਹੁ ਮਨੂਆ ਖਿਨੁ ਖਿਨੁ ਊਭਿ ਪਇਆਲਿ ॥ ਗੁਰਮੁਖਿ ਛੂਟੈ ਨਾਮੁ ਸਮ੍ਹਾਲਿ ॥੩॥ ਆਪੇ ਸਦੇ ਢਿਲ ਨ ਹੋਇ ॥ ਸਬਦਿ ਮਰੈ ਸਹਿਲਾ ਜੀਵੈ ਸੋਇ ॥ ਬਿਨੁ ਗੁਰ ਸੋਝੀ ਕਿਸੈ ਨ ਹੋਇ ॥ ਆਪੇ ਕਰੈ ਕਰਾਵੈ ਸੋਇ ॥੪॥ ਝਗੜੁ ਚੁਕਾਵੈ ਹਰਿ ਗੁਣ ਗਾਵੈ ॥ ਪੂਰਾ ਸਤਿਗੁਰੁ ਸਹਜਿ ਸਮਾਵੈ ॥ ਇਹੁ ਮਨੁ ਡੋਲਤ ਤਉ ਠਹਰਾਵੈ ॥ ਸਚੁ ਕਰਣੀ ਕਰਿ ਕਾਰ ਕਮਾਵੈ ॥੫॥ ਅੰਤਰਿ ਜੂਠਾ ਕਿਉ ਸੁਚਿ ਹੋਇ ॥ ਸਬਦੀ ਧੋਵੈ ਵਿਰਲਾ ਕੋਇ ॥ ਗੁਰਮੁਖਿ ਕੋਈ ਸਚੁ ਕਮਾਵੈ ॥ ਆਵਣੁ ਜਾਣਾ ਠਾਕਿ ਰਹਾਵੈ ॥੬॥ ਭਉ ਖਾਣਾ ਪੀਣਾ ਸੁਖੁ ਸਾਰੁ ॥ ਹਰਿ ਜਨ ਸੰਗਤਿ ਪਾਵੈ ਪਾਰੁ ॥ ਸਚੁ ਬੋਲੈ ਬੋਲਾਵੈ ਪਿਆਰੁ ॥ ਗੁਰ ਕਾ ਸਬਦੁ ਕਰਣੀ ਹੈ ਸਾਰੁ ॥੭॥ ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥ ਹਰਿ ਰਸੁ ਚਾਖਿਆ

ਤਉ ਮਨੁ ਭੀਜਾ ॥ ਪ੍ਰਣਵਤਿ ਨਾਨਕੁ ਅਵਰੁ ਨ ਦੂਜਾ ॥੮॥੫॥

ਇਥੇ ਹੋਰ ਵੀ ਬਹੁਤ ਬਾਣੀ ਰਚੀ ਜਿਸ ਬਾਬਤ ਜੋਗੀਆਂ ਨਾਲ ਗੋਸ਼ਟਾਂ ਵਾਲੀ ਸਾਖੀ ਵਿੱਚ ਵਿਸਥਾਰ ਦਿੱਤਾ ਗਇਆ ਹੈ।

ਭਰਮੌਰ ਤੋਂ ਹੀ ਗੁਰੂ ਸਾਹਿਬ ਮਨੀ ਮਹੇਸ਼ ਗਏ ਜਿੱਥੇ ਜੋਗੀਆਂ ਦਾ ਇਕੱਠ ਹੋਇਆ ਰਹਿੰਦਾ ਸੀ। ਮਨੀ ਮਹੇਸ਼ ਦੀ ਝੀਲ ਆਪਣੀ ਕੁਦਰਤੀ ਨਜਾਰਿਆਂ ਕਰਕੇ ਪ੍ਰਸਿਧ ਹੈ। ਪਰ ਸ਼ਰਧਾਲੂਆਂ ਨੇ ਇਸ ਨੂੰ ਸ਼ਿਵ ਜੀ ਦੇ ਨਾਂ ਨਾਲ ਜੋੜ ਰੱਖਿਆ ਹੈ। 84 ਸਿੱਧਾਂ ਵਿੱਚੋਂ ਬਿੱਲੇ ਛਾਇਆ ਨਾਥ ਮਨੀ ਮਹੇਸ਼ ਤੋਂ ਹੀ ਹੋਇਆ ਹੈ।

ਕਈ ਲੋਕਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਤ੍ਰਿਲੋਕ ਨਾਥ ਵੀ ਗਏ ਸਨ। ✚

-----◈-----

## ਢੁਆਸ ਜਾਂ ਹਟਵਾਸ ਵਿਖੇ ਬਾਬਾ◉

ਇਹ ਵੀ ਖਿਆਲ ਕੀਤਾ ਜਾਂਦਾ ਹੈ ਕਿ ਹੋ ਸਕਦਾ ਗੁਰੂ ਸਾਹਿਬ ਭਰਮੌਰ ਗਏ ਹੀ ਨਾਂ ਹੋਣ। ਕਿਉਕਿ ਪਿੰਡ ਢੁਆਸ (ਲਿਖਤੀ ਹਟਵਾਸ ਨੇੜੇ ਨਗਰੋਟਾ ਬਾਗਵਾਨ। ਨਕਸ਼ਾ ਸੂਚਕ 32.111,76.397) ਵਿਖੇ ਗੁਰੂ ਸਾਹਿਬ ਦੇ ਪਹੁੰਚਣ ਦੇ ਸਬੂਤ ਮਿਲਦੇ ਹਨ। 23 ਜੂਨ 1933 ਨੂੰ ਸਾਈਕਲ ਯਾਤਰੀ ਨੇ ਪਿੰਡ ਢੁਆਸ ਪਹੁੰਚ ਕੇ ਉਸ ਵੇਲੇ ਤੱਕ ਮੌਜੂਦ ਗੁਰ ਅਸਥਾਨ ਦੀ ਤਸਵੀਰ ਵੀ ਦਿੱਤੀ ਹੈ ਜੋ ਇਥੇ ਪੇਸ਼ ਕੀਤੀ ਜਾ ਰਹੀ ਹੈ।

-----◈-----

## ਪਹੁੰਚ ਗਇਆ ਬਾਬਾ ਕੀੜ੍ਹੀਆਂ ਦੇ ਸ਼ਹਿਰ

ਭਰਮੌਰ ਤੋਂ ਮਨੀਮਹੇਸ਼ ਤੇ ਓਥੋਂ ਗੁਰੂ ਸਾਹਿਬ ਸਿੱਧੇ ਦੱਖਣ ਨੂੰ ਪਹਾੜੀ ਪਗਡੰਡੀਆਂ ਰਾਂਹੀ 50 ਕਿ.ਮੀ. ਦਾ ਸਫਰ ਕਰਕੇ ਕੀੜਗ੍ਰਾਮ ਪਹੁੰਚੇ। ਹਿਮਾਚਲ ਦਾ ਜੋ ਅੱਜ ਕਲ੍ਹ ਬੈਜਨਾਥ ਸ਼ਹਿਰ ਹੈ ਗੁਰੂ ਸਾਹਿਬ ਦੇ ਵੇਲੇ ਇਹ ਕੀੜ ਗ੍ਰਾਮ ਕਹਾਉਂਦਾ ਸੀ। ਸਦੀਆਂ ਪਹਿਲਾਂ ਕੀੜ ਗੋਤ ਦੇ ਤਿੱਬਤੀਆਂ◉ ਦਾ ਰਾਜ ਦੂਰ ਦੂਰ ਤੱਕ ਸੀ ਪਰ ਉਨਾਂ ਦਾ ਪਤਨ ਹੋਣ ਤੇ ਗੁਰੂ ਸਾਹਿਬ ਦੇ ਵੇਲੇ ਇਹ ਮਾਮੂਲੀ ਜਗੀਰਦਾਰ ਦੀ ਹੈਸੀਅਤ ਵਿੱਚ ਸਨ ਜੋ ਕਾਂਗੜਾ ਦਾ ਬਾਜਗੁਜਾਰ ਭਾਵ ਅਧੀਨ ਰਾਜਾ ਸੀ ਤੇ ਆਪਣੇ ਆਪ ਨੂੰ ਕੀੜੀਆਂ

ਪੈੜ ਸਫ਼ਾ

◘ ਅਜਿਹੇ ਹਲਾਤਾਂ ਵਿੱਚ ਰਾਜੇ ਨੇ ਮੰਦਰ ਬਣਵਾਉਣਾ ਹੁੰਦਾ ਹੈ ਤੇ ਕੋਈ ਕਥਾ ਕਹਾਣੀ ਵੀ ਨਾਲ ਘੜਨੀ ਹੁੰਦੀ ਹੈ ਤਾਂ ਕਿ ਰਿਆਸਤ ਵਾਸਤੇ ਟੈਕਸ ਵਧੇ- ਵੇਖੋ ਕੁਟੱਲਿਆ ਦਾ ਅਰਥ ਸ਼ਾਸਤਰ।

ਕਈ ਹਿਮਾਚਲ ਦੇ ਵਿਦਵਾਨਾਂ ਨੂੰ ਗਿਲਾ ਹੈ ਕਿ ਭਾਰਤ ਸਰਕਾਰ ਦੀ ਇੰਡੀਅਨ ਨੇਚੂਰਲ ਗੈਸ ਕਮਿਸ਼ਨ ਨੇ ਇਸ ਗਰੀਬ ਪਹਾੜੀ ਖੇਤਰ ਵਿੱਚ ਗੈਸ ਲਈ ਖੂਹ ਪੁੱਟਣਾ ਸ਼ੁਰੂ ਕੀਤਾ ਪਰ ਰਾਜਨੀਤਕ ਦਬਾਅ ਪੈਣ ਕਰਕੇ ਕ੍ਰੋੜਾਂ ਰੁਪਏ ਦੇ ਖਰਚੇ ਤੋਂ ਬਾਦ ਕੰਮ ਅੱਧ ਵਿੱਚਾਲੇ ਹੀ ਤਿਆਗ ਦਿੱਤਾ।

◉ ਸਾਈਕਲ ਯਾਤਰੀ -668

● ਛਿਨਮਸਤਾ ਦੇਵੀ- ਜਦੋਂ ਦੇਵੀ ਖੁੱਦ ਦੀ ਧੌਣ ਹੀ ਲਾਹ ਦਿੰਦੀ ਹੈ: - https://en.wikipedia.org/wiki/Chhinnamasta

ਕੋਈ ਵਿਦਵਾਨ ਇਹ ਵੀ ਕਹਿ ਸਕਦਾ ਹੈ ਕਿ ਇਹ ਹੋ ਹੀ ਨਹੀ ਸਕਦਾ ਕਿ ਗੁਰੂ ਸਾਹਿਬ ਮਾਤਾ ਚਿੰਤਪੁਰਨੀ (ਜਿਲਾ ਊਨਾਂ, ਹਿਮਾਚਲ) ਨਾਂ ਗਏ ਹੋਣ। ਇਥੇ ਯਾਦ ਦਿਵਾਉਣਾ ਬਣਦਾ ਹੈ ਕਿ ਚਿੰਤਪੁਰਨੀ ਮੰਦਰ ਪੰਡਤ ਮਾਈ ਦਾਸ ਨੇ ਅੱਜ ਤੋਂ ਕੋਈ 750 ਸਾਲ ਪਹਿਲਾਂ ਬਣਾਇਆ ਸੀ। ਗੁਰੂ ਸਾਹਿਬ ਦੇ ਸਮਿਆਂ ਵਿੱਚ ਅਜੇ ਇਹਦੀ ਮਾਨਤਾ ਜਿਆਦਾ ਨਹੀ ਸੀ ਬਣ ਪਾਈ। ਮਾਈ ਦਾਸ ਨੇ ਇਹ ਕਥਾ ਪ੍ਰਚਲਤ ਕੀਤੀ ਕਿ ਇਹ ਵੀ ਸ਼ਕਤੀ ਪੀਠ ਹੈ ਤੇ ਇਥੇ ਸਤੀ ਦੇਵੀ ਦਾ ਸਿਰ ਡਿੱਗਾ ਸੀ।

◈ ਸਾਈਕਲ ਯਾਤਰੀ -675



ਬ੍ਰਿਜੇਸ਼ਵਰੀ ਮੰਦਰ, ਕਾਂਗੜਾ। ਕਿਹਾ ਜਾਂਦਾ ਹੈ ਕਿ ਮਹਿਮੂਦ ਗਜ਼ਨਵੀ ਨੇ ਇਹਨੂੰ ਪੰਜ ਵਾਰੀ ਲੁੱਟਿਆ ਸੀ। ਇਮਾਰਤ ਸਦੀ ਪੁਰਾਣੀ ਹੀ ਹੈ। ਮੂਲ 1905 ਈ. ਦੇ ਭੁਚਾਲ ਵਿਚ ਡਿੱਗ ਪਈ ਜੋ ਦੁਬਾਰਾ ਬਣੀ ਹੈ। ਇਥੋਂ ਦੇ ਪੰਡੇ ਬੜੇ ਮਾਣ ਨਾਲ ਕਹਿੰਦੇ ਨੇ ਕਿ ਗੁਰੂ ਨਾਨਕ ਸਾਹਿਬ ਇਥੇ ਪਧਾਰੇ ਸਨ।

ਦੀ ਸੰਤਾਨ ਦੱਸਦੇ ਸਨ। ਇਹ ਇੱਕ ਤਰਾਂ ਨਾਲ ਧਮਕੀ ਹੁੰਦੀ ਸੀ ਕਿ ਜਿਹੜਾਂ ਇਸ ਨਗਰ ਤੇ ਹਮਲਾ ਕਰੇਗਾ ਉਨੂੰ ਅਸੀ ਇਸ ਤਰਾਂ ਮਾਰ ਮੁੱਕਾ ਦਿਆਂਗੇ ਜਿਵੇ ਕੀੜੀਆਂ ਰਲ ਕੇ ਵੱਡੇ ਤੋਂ ਵੱਡੇ ਜਾਨਵਰ ਨੂੰ ਖਾ ਮਾਰਦੀਆਂ ਹਨ। ਰਿਆਸਤ ਵਿੱਚ ਕੁਝ ਇਸ ਤਰਾਂ ਦੀ ਕਹਾਣੀ ਪ੍ਰਚਲਤ ਕੀਤੀ ਹੋਈ ਸੀ:

ਇਕ ਰਾਜਾ ਸੀ ਜਿਸ ਕੋਲ 52 ਖੂਹਣੀਆਂ ਫੌਜ ਸੀ। (ਇਕ ਖੂਹਣੀ ਵਿੱਚ ਕੋਈ 2 ਲੱਖ ਸਿਪਾਹੀ ) ਬੈਜਨਾਥ ਇਲਾਕੇ ਵਿੱਚ ਆ ਨਿਕਲਿਆ। ਅੱਗੋ ਇੱਕ ਕੀੜੀ ਆ ਮਿਲੀ। ਕੀੜੀ ਕਹਿਣ ਲੱਗੀ ਕਿ ਮਹਾਰਾਜ ਇਸ ਰਾਹ ਤੇ ਨਾਂ ਚਲੋ। ਰਾਜਾ ਕਹਿਣ ਲੱਗਾ ਜੇ ਮੈਂ ਚਲਾਂ ਤੇ ਫਿਰ ਕੀ ਹੋ ਜਾਊ? ਕੀੜੀ ਕਹਿਣ ਲੱਗੀ ਫਿਰ ਤੈਨੂੰ ਮੇਰੇ ਨਾਲ ਜੰਗ ਕਰਨਾਂ ਪਊ। ਹਾਂ ਜੇ ਮੇਰੇ ਹੁਕਮ ਵਿੱਚ ਚਲੇਗਾ ਤਾਂ ਮੇਰੀ ਸ਼ਰਤ ਹੈ ਕਿ ਪਹਿਲਾਂ ਮੇਰਾ ਨਿਉਤਾ ਸਵੀਕਾਰ ਕਰ। ਮੇਰੇ ਘਰ ਲੰਗਰ ਪਾਣੀ ਖਾ। ਦੋਸਤੀ ਕਰ ਸਾਡੇ ਨਾਲ।

ਰਾਜਾ ਹੱਸ ਪਿਆ। "ਮੈਂ 52 ਖੂਹਣੀਆਂ ਦਾ ਮਾਲਕ ਤੇ ਕੀੜੀ ਦੇ ਘਰ ਰੋਟੀ ਖਾਵਾਂ!!!"

ਉਹਨੇ ਕੀੜੀ ਨੂੰ ਆਪਣੇ ਪੈਰਾਂ ਥੱਲੇ ਮਧੋਲ ਦਿੱਤਾ। ਕੀੜੀ ਇੱਕ ਦਮ ਪਤਾਲ ਵਿੱਚ ਵੜ੍ਹ ਗਈ ਤੇ ਬਾਕੀ ਕੀੜੀਆਂ ਨੂੰ ਹਮਲੇ ਦਾ ਇਸ਼ਾਰਾ ਦੇ ਦਿੱਤਾ। ਕੀੜੀਆਂ ਜਮੀਨ ਵਿੱਚੋਂ ਅਜਿਹਾ ਜ਼ਹਿਰ ਲੈ ਕੇ ਉੱਤੇ ਆਈਆਂ ਕਿ ਜਿਸ ਵੀ ਜਾਨਵਰ ਨਾਲ ਛੂਹ ਜਾਣ ਉਹ ਓਥੇ ਹੀ ਢੇਰ ਹੋ ਜਾਵੇ। ਰਾਜੇ ਦੀ ਸਾਰੀ ਫੌਜ ਜਮੀਨ ਤੇ ਲੇਟ ਗਈ।

ਫਿਰ ਕੀੜੀ ਰਾਜੇ ਕੋਲ ਗਈ। "ਹੁਣ ਸੁਣਾ?"

ਰਾਜਾ ਕਹਿੰਦਾ ਠੀਕ ਹੈ ਮੈਂ ਤੇਰਾ ਹੁਕਮ ਮੰਨਦਾ ਵਾਂ।

ਫਿਰ ਕੀੜੀ ਨੇ ਆਪਣੀ ਸੈਨਾ ਨੂੰ ਇਸ਼ਾਰਾ ਦਿੱਤਾ ਕਿ ਹੁਣ ਅੰਮ੍ਰਿਤ ਲੈ ਆਓ ਤੇ ਸਾਰਿਆਂ ਨੂੰ ਜਿਵਾ ਦਿਓ। ਘੜੀ ਪਲ ਵਿੱਚ ਹੀ ਸਾਰੀ ਫੌਜ ਫਿਰ ਨੌ ਬਰ ਨੌ ਸੀ।

ਕੀੜੀ ਰਾਜੇ ਸਮੇਤ ਸਾਰੀ ਫੌਜ ਨੂੰ ਆਪਣੇ ਮਹਿਲਾਂ ਵਿੱਚ ਲੈ ਗਈ । ਭੋਜਨ ਪਰੋਸਿਆ ਗਿਆ।

ਰਾਜਾ ਕੀ ਵੇਖਦਾ ਹੈ ਕਿ ਹਰ ਚੀਜ਼ ਠੰਡੀ, ਬੈਹੀ ਬਾਸੀ ਤੇ ਜੂਠੀ ਹੈ। ਰਾਜੇ ਨੇ ਪੁੱਛ ਲਿਆ ਕਿ ਕੀੜ ਮਹਾਰਾਜ ਸਾਨੂੰ ਸਭ ਕੁਝ ਬੈਹਾ ਕਿਓ ਪ੍ਰੋਸਿਆ ਗਇਆ ਹੈ।

ਕੀੜੀ ਕਹਿਣ ਲੱਗੀ ਕਿ ਦਰ ਅਸਲ ਤੁਹਾਡੇ ਤੋਂ ਪਹਿਲਾਂ ਵੀ ਇੱਕ ਰਾਜਾ ਆਇਆ ਸੀ। ਉਹਦੀ ਫੌਜ ਤੁਹਾਡੇ ਨਾਲੋ ਹਜਾਰਾਂ ਗੁਣਾਂ ਵੱਡੀ ਸੀ। ਅਸੀ ਉਨ੍ਹੰ ਜੋ ਭੋਜਨ ਛਕਾਇਆ ਇਹ ਓਸੇ ਦੀ ਜੂਠ ਹੈ। ਰਾਜਾ ਕੀ ਵੇਖਦਾ ਹੈ ਕਿ ਜੂਠ ਦੇ ਅੰਬਾਰ ਲੱਗੇ ਹੋਏ ਹਨ। ਜੂਠਾ ਭੋਜਨ, ਘੋੜਿਆਂ ਲਈ ਘਾਹ ਦਾਣਾ ਵੀ ਜੂਠਾ।

ਇਹ ਵੇਖ ਕੇ ਰਾਜੇ ਦਾ ਹੰਕਾਰ ਚੂਰ ਚੂਰ ਹੋ ਗਇਆ ਕਿ ਮੇਰੇ ਨਾਲੋ ਕਈ ਗੁਣਾਂ ਵੱਡੇ ਰਾਜੇ ਵੀ ਇਥੇ ਫਨ੍ਹਾ ਹੋ ਗਏ ਹਨ।

ਇਹ ਕਹਾਣੀ ਸੁਣ ਕੇ ਗੁਰੂ ਸਾਹਿਬ ਨੇ ਹੱਸੂ ਤੇ ਸ਼ੀਹੇ ਹੁਰਾਂ ਨੂੰ ਕਿਹਾ ਕਿ ਸਵਾਲ ਇਹ ਨਹੀ ਕਿ ਬੈਜਨਾਥ ਦੀ ਕਹਾਣੀ ਕਿੰਨੀ ਕੁ ਸੱਚੀ ਜਾਂ ਝੂਠੀ ਹੈ ਪਰ ਇਹ ਸੱਚ ਹੈ ਕਿ ਵੱਡੇ ਤੋਂ ਵੱਡੇ ਜਾਨਵਰ ਨੂੰ ਇੱਕ ਛੋਟਾ ਜਿਹਾ ਕੀਟ ਮਾਰ ਮੁਕਾਅ ਸਕਦਾ ਹੈ। ▫

ਹੱਸੂ ਤੇ ਸ਼ੀਹੇ ਹੁਰੀ ਹੈਰਾਨ ਪ੍ਰੇਸ਼ਾਨ ਸਨ। ਅਜੇ ਕੁਝ ਦਿਨ ਪਹਿਲਾਂ ਹੀ ਉਨਾਂ ਨੇ ਪਾਣੀ ਉਤੇ ਧਰਤੀ ਦੇ ਟਿੱਬੇ ਤਰਦੇ ਹੋਏ ਵੇਖੇ ਸਨ। ਗੁਰੂ ਸਾਹਿਬ ਨੇ ਓਨਾਂ ਨੂੰ ਸੰਬੋਧਨ ਕਰਕੇ ਸ਼ਬਦ ਬੋਲਿਆ:-




"ਗੁਰ ਅਸਥਾਨ ਪਾ: 1, ਪਿੰਡ ਢੁਆਸ, ਪਹਾੜ, (ਕਾਂਗੜਾ)-23 ਜੂਨ 1933" - ਸਾਈਕਲ ਯਾਤਰੀ

ਸਲੋਕੁ ਮਃ ੧ ॥ ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥ ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥ ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥ ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥ ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥ ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥੧॥ ਮਃ ੧ ॥ ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ ॥ ਇਕਨਾ ਛਤੀਹ ਅੰਮ੍ਰਿਤ ਪਾਹਿ ॥ ਇਕਿ ਮਿਟੀਆ ਮਹਿ ਮਿਟੀਆ ਖਾਹਿ ॥ ਇਕਿ ਪਉਣ ਸੁਮਾਰੀ ਪਉਣ ਸੁਮਾਰਿ ॥ ਇਕਿ ਨਿਰੰਕਾਰੀ ਨਾਮ ਆਧਾਰਿ ॥ ਜੀਵੈ ਦਾਤਾ ਮਰੈ ਨ ਕੋਇ ॥ ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ ॥੨

ਹਿੰਦੂ ਧਰਮ ਦੀ ਕੁੱਟਲ ਨੀਤੀ ਅਨੁਸਾਰ ਰਾਜਾ ਤੇ ਬ੍ਰਾਹਮਣ ਹਕੂਮਤ ਵਿੱਚ ਸਹੂਲਤ ਹਾਸਲ ਕਰਨ ਜਾਂ ਸਰਕਾਰ ਲਈ ਟੈਕਸ ਦਾ ਵਾਧਾ ਕਰਨ ਜਾਂ ਮੰਦਰ ਦੀ ਕਮਾਈ ਵਧਾਉਣ ਲਈ ਕੋਈ ਵੀ ਕਹਾਣੀ ਘੜ ਸਕਦੇ ਹਨ। • ਇਥੋਂ ਦੇ ਬ੍ਰਾਹਮਣਾਂ ਨੇ ਫਿਰ ਇੱਕ ਗੱਲ ਹੋਰ ਕਹਿ ਦਿੱਤੀ ਕਿ ਹਿੰਦੂ ਧਰਮ ਦੇ 12 ਜੋਤੀ ਲਿੰਗਾਂ ਵਿੱਚੋ ਇੱਕ ਲਿੰਗ ਇਥੇ ਹੈ ਭਾਵ ਵੈਦਿਆ ਨਾਥ। ਯਾਦ ਰਹੇ ਹਿੰਦੁਸਤਾਨ ਵਿੱਚ ਵੈਦਿਆ ਨਾਥ ਜੋਤੀਲਿੰਗ ਜਿਹੜਾ ਦਿਓਗੜ੍ਹ (ਝਾਰਖੰਡ) ਵਿੱਚ ਹੈ ਸਿਰਫ ਓਨੂੰ ਮਾਨਤਾ ਹੈ ਹਾਲਾਂ ਕਿ ਪਾਰਲੇ ਮਹਾਰਾਸ਼ਟ੍ਰ ਦੇ ਪੰਡਿਆਂ ਦਾ ਵੀ ਦਾਅਵਾ ਹੈ ਕਿ ਅਸਲ ਵੈਦ ਨਾਥ ਓਨਾਂ ਦੇ ਸ਼ਹਿਰ ਵਾਲਾ ਹੈ। ਸੋ ਪੰਜਾਬੀਆਂ ਦਾ ਵੈਦਨਾਥ ਭਾਵ ਰੋਗਾਂ ਤੋਂ ਮੁਕਤ ਕਰਨ ਵਾਲਾ ਭਗਵਾਨ ਕੀੜ ਨਗਰ ਵਿੱਚ ਹੈ। ਪਰ ਪੰਜਾਬੀ ਲੋਕ ਹਰ ਭਾਸ਼ਾ ਦੇ ਨਾਂ ਨੂੰ ਆਪਣੇ ਲਹਿਜੇ ਅਨੁਸਾਰ ਢਾਲ ਲੈਂਦੇ ਹਨ। ਵੈਦਿਆ ਨਾਥ ਬਣ ਗਇਆ ਬੈਜਨਾਥ।

ਸਿਰਫ ਏਨਾ ਹੀ ਨਹੀ ਪੰਡਿਆਂ ਨੇ ਇੱਕ ਹੋਰ ਕਥਾ ਵੀ ਨਾਲ ਜੋੜ ਲਈ ਕਿ ਇਹ ਓਹੀ ਜੋਤੀਲਿੰਗ ਹੈ ਜਿਹੜਾ ਲੰਕਾ ਦੇ ਰਾਵਣ ਨਾਲ ਸਬੰਧ ਰੱਖਦਾ ਹੈ। ਐਨ ਓਹੋ ਕਹਾਣੀ ਜਿਹੜੀ ਤਮਿਲਨਾਡੂ ਦੇ ਤਿਰੂਚਿਰਾਪੱਲੀ ਦੇ ਸ੍ਰੀਰੰਗਮ ਮੰਦਰ ਦੀ ਹੈ। ਕਥਾ ਕੁਝ ਇਸ ਪ੍ਰਕਾਰ ਹੈ:-

ਪੈੜ ਸਫ਼ਾ

■ **ਸਿੱਧ** - ਓਹਨਾਂ ਜੋਗੀਆਂ ਸਨਿਆਸੀਆਂ ਨੂੰ ਕਿਹਾ ਜਾਂਦਾ ਹੈ ਜਿਹੜੇ ਤਪੱਸਿਆ ਕਰਕੇ ਰਿੱਧੀਆਂ ਸਿੱਧੀਆਂ ਹਾਸਲ ਕਰ ਲੈਂਦੇ ਹਨ। ਭਾਵ ਉਹ ਕੋਈ ਵੀ ਚਮਤਕਾਰ ਕਰ ਸਕਦੇ ਹਨ। ਵਸਤੂ (ਮੈਟਰ) ਨੂੰ ਇਧਰ ਉਧਰ ਕਰ ਸਕਦੇ ਹਨ।

ਨੌ ਨਾਥ - 1. ਆਦਿ ਨਾਥ ਭਾਵ ਭਗਵਾਨ ਸ਼ਿਵ ਜੀ, 2. ਮਤਸਏਦ੍ਰਨਾਥ, 3. ਗੋਰਖ ਨਾਥ, 4. ਅਚੰਭੇ ਨਾਥ, 5. ਚੌਰੰਗੀ ਨਾਥ, 6. ਗਜਕੰਠਰ ਨਾਥ, 7. ਸੰਤੋਖ ਨਾਥ, 8. ਸਤਨਾਥ, 9. ਉਦੈ ਨਾਥ।

ਸਿੱਧ ਨਾਥ ਪੰਥ (ਗੋਰਖ ਨਾਥ ਆਦਿ) ਦਾ ਬੁੱਧ ਮੱਤ ਨਾਲ ਨੇੜ ਦਾ ਸਬੰਧ ਹੈ: ਵੇਖੋ ਮਨੀ ਮਹੇਸ਼ ਚੰਬਾ ਕੈਲਾਸ਼- ਕਮਲ ਪ੍ਰਸ਼ਾਦ ਸ਼ਰਮਾ (ਪੰਨਾ-15) ਅੰਗਰੇਜੀ ਵਿੱਚ।

✚ **ਤ੍ਰਿਲੋਕਪੁਰ** -ਗਿਆਨੀ -186. ਇਥੇ ਗਿਆਨੀ ਜੀ ਕੋਲੋਂ ਗਲਤੀ ਹੋ ਗਈ ਹੈ ਜਿਹੜਾ ਉਹਨਾਂ ਨੇ ਤ੍ਰਿਲੋਕਪੁਰ ਨੂੰ ਤ੍ਰਿਲੋਕ ਨਾਥ ਲਿਖਕੇ ਕਹਿ ਦਿੱਤਾ ਕਿ ਗੁਰੂ ਸਾਹਿਬ ਤ੍ਰਿਲੋਕ ਨਾਥ ਵੀ ਗਏ ਹਨ। ਤ੍ਰਿਲੋਕ ਨਾਥ, ਭਰਮੌਰ ਤੋਂ 45 ਕਿ.ਮੀ. ਬਹੁਤ ਹੀ ਕਠਨ ਪਹਾੜੀ ਰਸਤੇ ਉੱਤਰ ਵਿੱਚ ਤ੍ਰਿਲੋਕ ਨਾਥ ਮੰਦਰ ਹੈ। ਕੋਹਲੀ - 109 ਨੇ ਵੀ ਗਿਆਨੀ ਜੀ ਕਰਕੇ ਮੱਖੀ ਤੇ ਮੱਖੀ ਮਾਰ ਦਿੱਤੀ ਅਤੇ ਇਹੋ ਗਲਤੀ ਅਸੀ ਕਰਨ ਲੱਗੇ ਸੀ ਪਰ ਸਾਈਕਲ ਯਾਤਰੀ-662 ਨੇ ਸਾਨੂੰ ਬਚਾ ਲਿਆ। ਇਸ ਕਰਕੇ ਸਾਡੇ ਮੰਨ ਤੇ ਥੋੜਾ ਬੋਝ ਵੀ ਆ ਗਇਆ ਹੈ ਕਿ ਆਪਣੇ ਸਰੋਤਾਂ ਸਦਕਾ ਹੋ ਸਕਦਾ ਹੋਰ ਥਾਂਈ ਵੀ ਅਸੀ ਅਜਿਹੀਆਂ ਗਲਤੀਆਂ ਕੀਤੀਆਂ ਹੋਣ।

ਤ੍ਰਿਲੋਕ ਪੁਰ ਜਿਹੜਾ ਸਰਦਾਰ ਲਹਿਣਾ ਸਿੰਘ ਨੇ ਬੰਨਿਆ ਸੀ ਉਹ ਨਾਹਨ ਤੋਂ ਨੱਕ ਦੀ ਸੀਧ 8 ਕਿ. ਮੀ ਪੱਛਮ ਅਤੇ ਕਾਲਾ ਅੰਬ ਤੋਂ 4 ਕਿ.ਮੀ ਉੱਤਰ ਹੈ ਭਾਵ ਨਰਾਇਣਗੜ੍ਹ (ਹਰਿਆਣਾ) ਤੋਂ ਸਿੱਧਾ 10 ਕਿ. ਮੀ. ਹੈ। ਜਦੋਂ ਕਿ ਤ੍ਰਿਲੋਕ ਨਾਥ ਤਾਂ ਭਰਮੌਰ ਜਿਲੇ ਵਿੱਚ ਨਾਹਣ ਤੋਂ ਸੜ੍ਹਕ ਰਸਤੇ ਕੋਈ 510 ਕਿ. ਮੀ. ਪੈ ਜਾਂਦਾ ਹੈ।

ਸਿੱਖ ਰਾਜ ਵੇਲੇ ਪਹਾੜੀ ਰਾਜਿਆਂ ਤੇ ਨਿਗਾਹ ਰੱਖਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਲਹਿਣਾ ਸਿੰਘ ਮਜੀਠੀਆਂ ਨੂੰ ਆਪਣਾ ਸੂਬਾ ਥਾਪ ਕੇ ਇਥੇ ਬੈਠਾਇਆ ਸੀ। ਲਹਿਣਾ ਸਿੰਘ ਨੇ ਇਥੇ ਇੱਕ ਗੁਰਦੁਆਰਾ ਬਣਾਕੇ 31 ਗੁਰੂ ਗ੍ਰੰਥ ਸਾਹਿਬਾਨ ਦਾ ਪ੍ਰਕਾਸ਼ ਕਰਵਾ ਦਿੱਤਾ। ਗ੍ਰੰਥੀਆਂ ਦੇ ਗੁਜਾਰੇ ਲਈ ਜਗੀਰ ਲਾ ਦਿੱਤੀ।

ਗਿਆਨੀ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਕਸ਼ਮੀਰ ਵਾਲੇ ਪਾਸਿਓ ਮਨੀ ਮਹੇਸ਼ ਆਏ ਸਨ। ਨਾਲੇ ਤ੍ਰਿਲੋਕ ਨਾਥ ਦੀ ਐਨੀ ਮਹੱਤਤਾ ਵੀ ਨਹੀ ਸੀ। ਸਾਡਾ ਵੀ ਮੰਨਣਾ ਹੈ ਕਿ ਗੁਰੂ ਸਾਹਿਬ ਨੇ ਲੋਹੜੇ ਦੀ ਠੰਡ ਵੇਲੇ ਕਿਸੇ ਵੀ ਸੂਰਤ ਵਿੱਚ ਸੁਮੇਰ ਦੀ ਯਾਤਰਾ ਨਹੀ ਅਰੰਭੀ ਹੋਵੇਗੀ। ਸਰਦੀਆਂ ਓਨਾਂ ਨੇ ਹਿਮਾਚਲ ਵਿੱਚ ਹੀ ਬਿਤਾਈਆਂ ਹੋਣਗੀਆਂ ਤੇ ਕਿਤੇ ਮਾਰਚ ਅਪਰੈਲ ਵਿੱਚ ਜਾ ਕੇ ਉਸ ਪਾਸੇ ਰਵਾਨੇ ਹੋਏ ਹੋਣਗੇ।

**ਢੂਆਸ** ⊙ ਸਾਈਕਲ ਯਾਤਰੀ-675 ਲਿਖਦਾ ਹੈ:

"ਕਾਗੜਾ ਸ਼ਹਿਰ ਤੋਂ 9 ਮੀਲ ਤੇ ਸ਼ਹਿਰ ਨਗਰੋਟਾ ਪਹੁੰਚਾ। ਨਗਰੋਟਾ ਤੋਂ ਚੜ੍ਹਦੇ ਦੀ ਤਰਫ ਇੱਕ ਮੀਲ 3 ਫਰਲਾਂਗ ਤੇ ਪਿੰਡ ਢੂਆਸ ਪਹੁੰਚਾ। ਮੋਟਰਾਂ ਦੀ ਸੜ੍ਹਕ ਦੇ ਪਾਸ ਹੀ ਦੱਖਣ ਦੀ ਤਰਫ 2 ਫਰਲਾਂਗ ਤੇ ਪਿੰਡ ਢੂਆਸ ਦੇ ਜਿਮੀਦਾਰਾਂ ਦੇ ਘਰ ਹਨ। ਇੰਨਾਂ ਘਰਾਂ ਤੋਂ ਵਾਪਸ ਸੜਕ ਪਾਸੇ ਰਾਹ ਨਿਕਲਦਾ ਹੈ ਅਤੇ ਸੜਕ ਤੋਂ ਸਿਰਫ 20 ਕਰਮਾਂ ਤੇ ਬੋਹੜ ਦੇ ਪੇੜ ਹੇਠਾਂ ਸ੍ਰੀ ਗੁਰੂ ਨਾਨਕ ਸਾਹਿਬ ਦੀ ਮੰਜੀ ਸਾਹਿਬ ਗੁਰੂ ਅਸਥਾਨ ਬਣਿਆ ਹੋਇਆ ਹੈ, ਜਿਸ ਦੀ ਛੱਤ ਛੱਪਰ ਦੀ ਹੈ। ਮੰਜੀ ਸਾਹਿਬ ਆਲੇ ਦੁਆਲੇ ਪੱਕੀ ਪੱਥਰਾਂ ਦੀ ਚਾਰ ਦੀਵਾਰੀ ਬਣੀ ਹੋਈ ਹੈ। ਸੜ੍ਹਕ ਦੇ ਉੱਤਰ ਦੀ ਤਰਫ ਪਾਸ ਹੀ ਪੀ. ਡਬਿਲਊ ਦੇ ਮਹਿਕਮੇ ਦੀ ਕੋਠੀ ਬਣੀ ਹੋਈ ਹੈ। ਇਸ ਕੋਠੀ ਤੋਂ ਗੁਰੂ ਅਸਥਾਨ ਪੱਛਮ ਦੀ ਤ੍ਰਫ ਡੇਢ ਫਰਲਾਂਗ ਤੇ ਹੈ। ਪਿੰਡ ਢੂਆਸ ਅਤੇ ਪਿੰਡ ਕੀਰ ਚੰਬਾ ਦੇ ਦਰਮਿਆਨ ਇਹ ਅਸਥਾਨ ਹੈ। ਪਿੰਡ ਢੂਆਸ ਦੀ ਜਮੀਨ ਵਿੱਚ। ਇਥੇ 25-26-27 ਚੇਤ ਨੂੰ ਮੇਲਾ ਲੱਗਦਾ ਹੈ। ਜਮੀਨ ਵਗੈਰਾ ਕੋਈ ਨਹੀ ਤੇ ਨਾ ਕੋਈ ਹਮੇਸ਼ਾਂ ਰਹਿੰਦਾ ਹੈ। ਮੇਲੇ ਪੁਰ ਮਸੰਦ ਆਉਂਦੇ ਹਨ ਤੇ ਚੜ੍ਹਾਵਾ ਵਗੈਰਾ ਹੜੱਪ ਕਰਕੇ ਘਰਾਂ ਨੂੰ ਚਲੇ ਜਾਦੇ ਹਨ।"

ਅਸਾਂ 20 ਮਈ 2019 ਨੂੰ ਇਸ ਬਾਬਤ ਇਸ ਪਿੰਡ ਦੇ ਨਿਵਾਸੀ ਮਿਲਖੀ ਰਾਮ ਨਾਲ ਫੋਨ ਤੇ ਗੱਲ ਬਾਤ ਕੀਤੀ ਜਿੰਨਾਂ ਨੇ ਤਸਦੀਕ ਕੀਤਾ ਕਿ ਇਸ ਵੇਲੇ ਇਥੇ ਕੋਈ ਗੁਰਦੁਆਰਾ ਜਾਂ ਯਾਦਗਾਰ ਨਹੀ ਬਚੀ ਹੋਈ।



ਪੰਜਾਬੀ ਹਿੰਦੂਆਂ ਦਾ ਜਯੋਤ੍ਰਿ ਲਿੰਗ। ਬੈਜਨਾਥ ਮੰਦਰ। ਇਮਾਰਤ 1204 ਈ.

ਕਿ ਰਾਵਣ (ਰਾਮ ਨਹੀ, ਰਾਵਣ) ਨੇ ਭਗਵਾਨ ਸ਼ਿਵ ਜੀ ਦੀ ਇੰਨੀ ਕਠਣ ਤਪੱਸਿਆ ਕੀਤੀ ਕਿ ਭਗਵਾਨ ਸ਼ਿਵ ਜੀ ਨੇ ਕਿਹਾ ਕਿ "ਦੱਸ ਰਾਵਣ ਕੀ ਚਾਹੁੰਨਾ ਏ। ਤੂੰ ਤਾਂ ਸਾਨੂੰ ਜਿਤ ਲਿਆ।" ਰਾਵਣ ਨੇ ਕਿਹਾ ਕਿ ਭਗਵਾਨ ਤੁਸੀ ਮੇਰੇ ਨਾਲ ਮੇਰੀ ਰਾਜਧਾਨੀ ਲੰਕਾ ਵਿਖੇ ਪਧਾਰੋ। ਭਗਵਾਨ ਨੇ ਸ਼ਿਵਲਿੰਗ ਦਾ ਰੂਪ ਧਾਰਨ ਕਰ ਲਿਆ ਤੇ ਰਾਵਣ ਨੂੰ ਕਿਹਾ ਕਿ ਭਾਈ ਲੈ ਚਲ ਪਰ ਯਾਦ ਰੱਖੀ ਜਿੱਥੇ ਤੂੰ ਸਾਨੂੰ ਰੱਖ ਦੇਵੇਗਾ ਅਸੀ ਓਥੋਂ ਦੇ ਹੀ ਹੋ ਕੇ ਰਹਿ ਜਾਵਾਂਗੇ।

ਰਾਵਣ ਫਿਰ ਕੈਲਾਸ਼ ਪਰਬਤ ਤੋਂ ਸ਼ਿਵਲਿੰਗ ਲੈ ਚਲਦਾ ਹੈ। ਜਦੋਂ ਉਹ ਕੀੜਗ੍ਰਾਮ ਲਾਗੋਂ ਦੀ ਨਿਕਲ ਰਿਹਾ ਸੀ ਤਾਂ ਉਨੂੰ ਕੁਦਰਤ ਦਾ ਬੁਲਾਵਾ ਆ ਗਇਆ (ਟੱਟੀ ਆ ਗਈ) ਰਾਵਣ ਨੂੰ ਸਮਝ ਨਹੀ ਆ ਰਹੀ ਸੀ ਕਿ ਕੀ ਕਰੇ। ਕਿਉਕਿ ਜੇ ਉਹ ਲਿੰਗ ਨੂੰ ਜਮੀਨ ਤੇ ਰੱਖ ਦੇਵੇਗਾ ਤਾਂ ਲਿੰਗ ਓਥੇ ਹੀ ਟਿੱਕ ਜਾਵੇਗਾ। ਇਧਰ ਓਧਰ ਨਿਗਾ ਮਾਰੀ ਤਾਂ ਕੀ ਵੇਖਦਾ ਹੈ ਕਿ ਇੱਕ ਪਾਲੀ ਮੱਝਾ ਗਾਵਾਂ ਚਾਰ ਰਿਹਾ ਹੈ। ਰਾਵਣ ਉਸ ਕੋਲ ਗਇਆ ਤੇ ਪਾਲੀ ਨੂੰ ਕਿਹਾ ਕਿ ਤੂੰ ਕੁਝ ਚਿਰ ਇਹ ਲਿੰਗ ਫੜ੍ਹ ਕੇ ਰੱਖ ਮੈਂ ਹੁਣੇ ਵਾਪਸ ਲੈ ਲੈਨਾ ਵਾਂ। ਪਾਲੀ ਨੇ ਉਹ ਲਿੰਗ ਚੁੱਕ ਲਿਆ।

ਪਰ ਜਦੋਂ ਕੁਝ ਦੇਰ ਤੱਕ ਰਾਵਣ ਨਹੀ ਪਰਤਿਆ ਤਾਂ ਪਾਲੀ ਕੋਲੋਂ ਉਹ ਲਿੰਗ ਸੰਭਾਲਣਾ ਮੁਸ਼ਕਲ ਹੋ ਗਿਆ। ਉਸ ਨੇ ਉਹ ਪੱਥਰ ਦਾ ਲਿੰਗ ਜਮੀਨ ਤੇ ਰੱਖ ਦਿੱਤਾ।

ਵਾਪਸ ਜਦੋਂ ਰਾਵਣ ਆਇਆ ਤਾਂ ਪਾਲੀ ਨੇ ਕਿਹਾ ਕਿ ਤੂੰ ਬਹੁਤ ਦੇਰ ਲਾ ਦਿੱਤੀ ਮੇਰੇ ਕੋਲੋ ਇਨਾਂ ਭਾਰ ਚੁੱਕਿਆ ਨਹੀ ਸੀ ਜਾ ਰਿਹਾ ਜਿਸ ਕਰਕੇ ਮਜਬੂਰਨ ਮੈਨੂੰ ਲਿੰਗ ਨੂੰ ਇਥੇ ਰੱਖਣਾ ਪਿਆ। ਰਾਵਣ ਨੇ ਮੱਥੇ ਤੇ ਹੱਥ ਮਾਰਿਆ ਕਿ ਇਹ ਕੀ ਕੀਤਾ ਈ? ਬਸ ਲਿੰਗ ਓਥੇ ਦਾ ਓਥੇ ਹੀ ਰਹਿ ਗਿਆ। ਤੇ ਇਹ ਓਹੀ ਰਾਵਣ ਵਾਲਾ ਲਿੰਗ ਹੈ ਜਿਹੜਾ ਬੈਜਨਾਥ ਵਿਖੇ ਬਰਾਜਮਾਨ ਹੈ।

1204 ਈ. ਵਿੱਚ ਕੀੜ ਗ੍ਰਾਮ ਦੇ ਰਾਜੇ ਨੇ ਇਸ ਲਿੰਗ ਤੇ ਖੂਬਸੂਰਤ ਇਮਾਰਤ ਬਣਵਾ ਦਿੱਤੀ ਜਿਹੜੀ ਅਜ ਤੱਕ ਨੌ ਬਰ ਨੌ ਹੈ। ਜਦੋਂ ਰਾਜੇ ਨੇ ਇਮਾਰਤ ਬਣਾਈ ਤਾਂ ਇਸ ਦੀ ਖੂਬਸੂਰਤੀ ਦੀਆਂ ਧੁੰਮਾਂ ਚਾਰ ਚੁਫੇਰੇ ਪੈ ਗਈਆਂ। ਕਿ ਰੋਗਾਂ ਤੋਂ ਮੁਕਤ ਕਰਨ ਵਾਲਾ ਭਗਵਾਨ ਸ਼ਿਵ ਜੀ ਕੀੜ ਗ੍ਰਾਮ ਵਿਖੇ ਮੌਜੂਦ ਹੈ।

ਜੋਗੀਆਂ ਰਿਸ਼ੀਆਂ ਮੁਨੀਆਂ ਸਾਧੂਆਂ ਦੀ ਭੀੜ ਇਥੇ ਰਹਿਣੀ ਸ਼ੁਰੂ ਹੋ ਗਈ।

ਸੋ ਭਰਮੌਰ ਤੋਂ ਚਲ ਕੇ ਗੁਰੂ ਸਾਹਿਬ ਇਥੇ ਪਧਾਰੇ ਤੇ ਲੋਕਾਈ ਨੂੰ ਰੋਗ ਮੁਕਤੀ ਦਾ ਅਸਲ ਰਾਹ ਨਾਮ ਦੱਸਿਆ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਬਣਾਉਟੀ ਕਥਾ ਕਹਾਣੀਆਂ ਤਿਆਗ ਕੇ ਲੋਕੋ ਸੱਚ ਨਾਲ ਜੁੜੋ। ਸਰਬ ਵਿਆਪਕ ਰੱਬ ਦੀ ਹੋਂਦ ਤੇ ਉਹਦੀ ਸਿਫਤ ਸਲਾਹ ਨਾਲ ਲੋਕਾਂ ਨੂੰ ਜੋੜਿਆ।

ਬੈਜਨਾਥ ਦਾ ਕੀੜ ਰਾਜਾ ਵੀ ਗੁਰੂ ਸਾਹਿਬ ਦੀ ਚਰਨੀ ਲੱਗਾ ਤੇ ਸਿੱਖ ਹੋ ਨਿਬੜਿਆ।

ਬੈਜਨਾਥ ਤੋਂ ਗੁਰੂ ਸਾਹਿਬ ਕੁਲੂ ਨੂੰ ਰਵਾਨਾ ਹੋ ਗਏ।

-----◈-----

## ਭੁੰਤਰ – ਰਾਜੇ ਨੂੰ ਕੁਕਰਮ ਤੋਂ ਵਰਜਿਆ

**ਜਨਮਸਾਖੀ ਦੇ ਭੂਟੰਤ ਤੋਂ ਮਤਲਬ ਭੂਟਾਨ ਨਹੀ, ਭੂਟੰਤਰ ਹੈ ❁**

ਮੰਡੀ ਤੋਂ ਕੋਈ 50 ਕਿ.ਮੀ ਦਾ ਪੈਂਡਾ ਕਰਕੇ ਗੁਰੂ ਸਾਹਿਬ ਭੁੰਤਰ (ਪੁਰਾਣਾ ਨਾਂ ਭੂਟੰਤਰ) ਪਹੁੰਚੇ। ਇਹ ਉਹ ਥਾਂ ਹੈ ਜਿੱਥੇ ਪਾਰਬਤੀ ਨਦੀ ਬਿਆਸ ਦਰਿਆ ਵਿਚ ਪੈਂਦੀ ਹੈ। ਕੁੱਲੂ ਇਸ ਤੋਂ 9 ਕਿ. ਮੀ. ਉੱਤੇ ਹੈ। ਇਹ ਵੀ ਪੁਰਾਣਾ ਧਾਰਮਿਕ ਅਸਥਾਨ ਹੈ ਜਿਥੋਂ ਦਾ 9ਵੀ ਸਦੀ ਦਾ ਬਿਸ਼ਵੇਸ਼ਵਰ ਮਹਾਦੇਵ ਮੰਦਰ ਪੁਰਾਤਨ ਇਮਾਰਤ ਕਲਾ ਦਾ ਸੁੰਦਰ ਨਮੂਨਾ ਹੈ।

ਕਿਉਕਿ ਸ਼ਹਿਰ ਦੇ ਵਿਚੋਂ ਦੀ ਨਦੀ ਵਹਿੰਦੀ ਹੈ ਅਤੇ ਜਦੋਂ ਗੁਰੂ ਸਾਹਿਬ ਅਤੇ ਮਰਦਾਨੇ ਨੇ ਨਦੀ ਦੇ ਦੂਸਰੇ ਪਾਰ ਜਾਣਾ ਚਾਹਿਆ ਤਾਂ ਮਲਾਹ ਨੇ ਸੋਚਿਆ ਕਿ ਸਾਧੂ ਫਕੀਰਾਂ ਕੋਲੋਂ ਕਿਹੜਾ ਕੋਈ ਪੈਸਾ ਦਮੜੀ ਹਾਸਲ ਹੋਣਾ ਹੈ ਇਸ ਕਰਕੇ ਉਸ ਨੇ ਬਹਾਨਾ ਬਣਾਇਆ ਕਿ ਸ਼ਾਮ ਦੇ ਵਕਤ ਬੇੜੀ ਨਹੀ ਪਾ ਸਕਦਾ ਇਸ ਕਰਕੇ ਗੁਰੂ ਸਾਹਿਬ ਨੂੰ ਪਾਰ ਲੰਘਾਉਣ ਤੋਂ ਇਨਕਾਰ ਕਰ ਦਿਤਾ। ਮਰਦਾਨਾ ਪਾਰ ਜਾਣ ਤੇ ਬਜਿੱਦ ਸੀ। ਗੁਰੂ ਸਾਹਿਬ ਨੇ ਫਿਰ ਨਦੀ ਕੰਢੇ ਖੜੇ ਹੋ ਕੇ ਮਰਦਾਨੇ ਨੂੰ ਕਿਹਾ ਕਿ ਅੱਖਾਂ ਬੰਦ ਕਰਕੇ ਸਤਿਨਾਮ ਵਾਹਿਗੁਰੂ ਦਾ ਜਾਪ ਕਰੋ। ਅਜਿਹੇ ਕਰਨ ਤੇ ਜਦੋਂ ਮਰਦਾਨੇ ਨੇ ਅੱਖਾਂ ਖੋਹਲੀਆਂ ਤਾਂ ਉਹ ਨਦੀ ਦੇ ਚੜ੍ਹਦੇ ਪਾਸੇ ਸਨ।

ਇਹ ਕੌਤਕ ਜਦੋਂ ਲੋਕਾਂ ਵੇਖਿਆ ਤਾਂ ਦੁਹਾਈ ਪੈ ਗਈ। ਗੁਰੂ ਸਾਹਿਬ ਦੁਆਲੇ ਭੀੜ ਵਧਦੀ ਗਈ। ਪਰ ਦੀਨ ਦੁਨੀ ਦਾ ਸ਼ਾਹ ਅਤੇ ਮਰਦਾਨਾ ਪੱਥਰ ਤੇ ਬਹਿ ਕੀਰਤਨ ਕਰਨ ਲੱਗੇ। ਸਾਰਾ ਸ਼ਹਿਰ ਹੁੰਮ ਹੁੰਮਾ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆ ਰਿਹਾ ਸੀ। ਲੋਕਾਂ ਨੂੰ ਉਪਦੇਸ਼ ਦਿਤਾ ਕਿ ਪੱਥਰ ਪੂਜਣਾ ਛੱਡ ਕੇ ਸਰਬ ਸ਼ਕਤੀਮਾਨ ਨਿਰੰਕਾਰ ਦੀ ਅਰਾਧਨਾ ਕਰਿਆ ਕਰੋ।

ਇਥੇ ਹੀ ਫਿਰ ਕੁੱਲੂ ਦਾ ਰਾਜਾ ਮੋਹਰਾਂ ਅਤੇ ਸੋਹਣੇ ਊਂਨੀ ਬਸਤਰਾਂ ਦੀ ਭੇਟ ਲੈ ਕੇ ਗੁਰੂ ਸਾਹਿਬ ਦੇ ਹਾਜਰ ਹੋਇਆ। ਇਸ

ਪੈੜ ਸੂਤਾ

◉ Mani Mahesh Chamba Kailash - Kamal Parsad Sharma : Indus Publishing Co. New Delhi. (Available online)

● ਵੇਖੋ ਕੁਟੱਲਿਆ ਦਾ ਅਰਥ ਸ਼ਾਸਤਰ

◘ ਬੈਕਟੀਰੀਆਂ ਤੇ ਵਾਇਰਸ ਇੰਨੇ ਛੋਟੇ ਹਨ ਕਿ ਅਸੀ ਨੰਗੀ ਅੱਖ ਨਾਲ ਓਨਾਂ ਨੂੰ ਵੇਖ ਹੀ ਨਹੀ ਸਕਦੇ। ਮਤਲਬ ਕਿ ਸਿਰ ਦੇ ਵਾਲ੍ਹ ਦੀ ਮੋਟਾਈ ਤੋਂ 1000 ਗੁਣਾਂ ਛੋਟੇ। ਪਰ ਫਿਰ ਵੀ ਉਹ ਇਨਸਾਨ ਨੂੰ ਮਾਰ ਮੁਕਾ ਦਿੰਦੇ ਹਨ।

ਰਾਜੇ ਦੀ ਮਸ਼ਹੂਰੀ ਸੀ ਕਿ ਉਹ ਆਪ ਵੀ ਬੜਾ ਕਿਰਤੀ ਸੀ ਤੇ ਪਸ਼ੂਆਂ ਵਾਸਤੇ ਆਪ ਪੱਠੇ ਵੱਢਿਆ ਕਰਦਾ ਸੀ। ਪਰ ਨਾਲ ਹੀ ਕੁੱਲੂ ਦੀ ਰਿਆਸਤ ਦੀ ਬਦਨਾਮੀ ਵੀ ਸੀ ਕਿ ਇਥੇ ਅਜੇ ਵੀ ਪੁਰਾਣੀ ਪ੍ਰੰਪਰਾ ਮੌਜੂਦ ਹੈ ਜਿਸ ਤਹਿਤ ਵਿਆਹ ਮੌਕੇ ਲਾੜੀ ਨੂੰ ਕੁਝ ਰਾਤਾਂ ਰਾਜੇ ਦੇ ਮਹਿਲਾਂ ਵਿਚ ਬਿਤਾਉਣੀਆਂ ਪੈਂਦੀਆਂ ਸਨ ਤੇ ਫਿਰ ਉਹ ਆਪਣੇ ਪਤੀ ਦੇ ਘਰ ਜਾ ਸਕਦੀ ਸੀ।

ਗੁਰੂ ਸਾਹਿਬ ਨੇ ਰਾਜੇ ਦੀ ਨਿਮਰਤਾ ਵੇਖਦੇ ਹੋਏ ਅਸ਼ੀਰਵਾਦ ਦਿੱਤਾ ਤੇ ਰਾਜੇ ਨੂੰ ਸਮਝਾਇਆ ਕਿ ਇਹ ਬਸਤ੍ਰ ਅਤੇ ਮੋਹਰਾ ਸਾਡੇ ਕਿਸੇ ਕੰਮ ਨਹੀ। ਸਾਧੂ ਵਾਸਤੇ ਕੀਮਤੀ ਸਮਾਨ ਉਹਦੀ ਜਾਨ ਦਾ ਖੌਅ ਬਣਦਾ ਹੈ। ਰਾਜੇ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਇਸ ਇਲਾਕੇ ਵਿਚ ਹੋਰ ਕੋਈ ਪੈਦਾਵਾਰ ਹੀ ਨਹੀ। ਬਸ ਜਾਨਵਰਾਂ ਦੀ ਉੱਨ ਰਿਆਸਤ ਦੀ ਕਮਾਈ ਦਾ ਸਾਧਨ ਹੈ ਜਾਂ ਫਿਰ ਥੋੜਾ ਬਹੁਤ ਧਾਨ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਅਸ਼ੀਰਵਾਦ ਦਿੱਤੀ ਕਿ ਇਥੋਂ ਦੀ ਧਰਤੀ ਸੋਨਾ ਉਗਲਿਆ ਕਰੇਗੀ ਬਸ ਨਿਰੰਕਾਰ ਦੇ ਲੜ੍ਹ ਲੱਗੋ।

ਗੁਰੂ ਸਾਹਿਬ ਨੇ ਫਿਰ ਰਾਜੇ ਕੋਲ ਸ਼ਕਾਇਤ ਲਗਾਈ ਕਿ ਤੁਹਾਡੀ ਰਿਆਸਤ ਦੀ ਬਦਨਾਮੀ ਹੈ ਕਿ ਅਜੇ ਵੀ ਤੁਸੀ ਵਿਆਹ ਵਾਲੀ ਲਾੜੀ ਨੂੰ ਪਹਿਲਾਂ ਆਪਣੇ ਕੋਲ ਰੱਖਦੇ ਹੋ। ਇਹ ਪ੍ਰਥਾ ਬੰਦ ਕਰ ਦਿਓ ਅਕਾਲ ਪੁਰਖ ਤੁਹਾਡੇ ਰਾਜ ਤੇ ਬਖਸ਼ਸ਼ਾਂ ਕਰੇਗਾ। ਰਾਜੇ ਨੇ ਗੁਰੂ ਸਾਹਿਬ ਅੱਗੇ ਵਾਇਦਾ ਕੀਤਾ ਕਿ ਉਹ ਅੱਜ ਤੋਂ ਹੀ ਇਹ ਰਿਵਾਜ ਬੰਦ ਕਰਨ ਦਾ ਐਲਾਨ ਕਰਦਾ ਹੈ।

ਉਹ ਦੋ ਸਿਲਾਂ ਜਿੰਨਾਂ ਤੇ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਬਿਰਾਜੇ ਸਨ ਅੱਜ ਵੀ ਨਦੀ ਕਿਨਾਰੇ ਮੌਜੂਦ ਨੇ।

-----◈-----

## ਮਨੀਕਰਣ (ਕੁੱਲੂ) ਪਹੁੰਚਿਆ ਕਲਿਤਾਰਨ

ਬੈਜਨਾਥ ਤੋਂ ਕੋਈ 55 ਕਿਲੋ ਮੀਟਰ ਦਾ ਪੈਂਡਾ ਚਲ ਕੇ ਗੁਰੂ ਸਾਹਿਬ ਦੇਵੀ ਦੇਵਤਿਆ ਦੀ ਭੂਮੀ ਕੁਲੂ ਪਹੁੰਚੇ। ਹਿਮਾਚਲ ਪਹਾੜੀ ਇਲਾਕੇ ਦਾ ਸਭ ਤੋਂ ਮਹੱਤਵਪੂਰਨ ਤੇ ਇਤਹਾਸਿਕ ਜੇ ਕੋਈ ਸ਼ਹਿਰ ਹੈ ਤਾਂ ਉਹ ਹੈ ਕੁਲੂ। ਕੁਲੂ ਦਾ ਜਿਕਰ ਬਕਾਇਦਾ ਹਿੰਦੂ ਪੁਰਾਣਾਂ, ਮਹਾਭਾਰਤ ਅਤੇ ਰਮਾਇਣ ਵਿੱਚ ਵੀ ਮਿਲਦਾ ਹੈ। ਇਹਦੀ ਇਤਹਾਸਿਕ ਮਹੱਤਤਾ ਹੀ ਸੀ ਕਿ 8ਵੀ ਸਦੀ ਈ. ਦਾ ਚੀਨੀ ਯਾਤਰੀ ਹਿਊਨ ਸਾਂਗ ਨੂੰ ਜਲੰਧਰ ਤੋਂ ਚਲ ਫਿਰ ਪਹਾੜਾਂ ਵਲ ਪਰਤਣਾ ਪਿਆ ਸੀ। ਇਲਾਕਾ ਹਿੰਦੂ ਤੇ ਬੋਧੀ ਮੰਦਰਾਂ ਦੇਵੀ ਦੇਵਤਿਆਂ ਦੀਆਂ ਕਥਾ ਕਹਾਣੀਆਂ ਨਾਲ ਲੱਥ ਪੱਥ ਹੈ। ਇਥੇ ਕੋਈ ਪੱਥਰ ਪੂਜ ਰਿਹਾ ਸੀ, ਕੋਈ ਅਸਮਾਨੀ ਬਿਜਲੀ, ਕੋਈ ਰੁਖ, ਕੋਈ ਸੂਰਜ, ਕੋਈ ਚੰਦਰਮਾ, ਜਾਂ ਹੋਰ ਤਰਾਂ ਤਰਾਂ ਦੇ ਕਾਲਪਨਿਕ ਦੇਵੀ ਦੇਵਤੇ। ਇਥੇ ਪਹੁੰਚ ਗੁਰੂ ਸਾਹਿਬ ਨੇ ਇੱਕ ਨਿਰੰਕਾਰ ਦੇ ਨਾਮ ਦਾ ਢਿੰਡੋਰਾ ਪਿੱਟਿਆ ਤੇ ਦੁਹਾਈ ਦਿੱਤੀ ਕਿ ਭੋਲੇ ਲੋਕੋ ਕ੍ਰਿਤਾਂ ਨੂੰ ਛੱਡ ਕੇ ਕਰਤੇ ਦੇ ਮਗਰ ਲੱਗੋ। ਨਾਮ ਦੇ ਲੜ ਲੱਗੋ ਤੁਹਾਡੇ ਦੁੱਖ ਦਲਿਦਰ ਨਾਸ ਹੋ ਜਾਣਗੇ ਤੇ ਤੁਸੀ ਚੜ੍ਹਦੀ ਕਲਾ ਵਿੱਚ ਵੱਸੋਗੇ।

ਇਥੇ ਵੀ ਲੋਕ ਅਦਭੁਤ ਕੁਦਰਤੀ ਵਰਤਾਰਿਆਂ ਨੂੰ ਹੀ ਪੂਜੀ ਜਾਂਦੇ ਸਨ ਜਿਵੇਂ ਜਵਾਲਾਮੁੱਖੀ ਵਿਖੇ ਨਿਕਲਦੀ ਜਮੀਨੀ ਗੈਸ ਨੂੰ ਦੇਵੀ ਮੰਨ ਲਿਆ ਸੀ ਇਥੇ ਵੀ ਜਮੀਨੀ ਲਾਵੇ ਕਾਰਨ ਪਾਣੀ ਦੇ ਗਰਮ ਚਸ਼ਮਿਆਂ ਨੂੰ ਹੀ ਪੂਜੀ ਜਾਂਦੇ ਸਨ। ਗੁਰੂ ਸਾਹਿਬ ਨੇ ਲੋਕਾਈ ਨੂੰ ਸੁਨੇਹਾ ਦਿੱਤਾ ਕਿ ਇਹ ਚਸ਼ਮੇ ਇਹ ਗੈਸ ਆਦਿ ਦਾ ਨਿਕਲਣਾ



ਭੁੰਤਰ। ਠਾਠਾਂ ਮਾਰਦਾ ਬਿਆਸ। ਪਿਛੇ ਗੁਰਦੁਆਰਾ ਜਿਥੇ ਗੁਰੂ ਸਾਹਿਬ ਬਿਰਾਜੇ।

ਕੁਦਰਤੀ ਖੇਡ ਹੈ। ਇਹ ਰੱਬ ਨਹੀ। ਇਸ ਖੇਡ ਨੂੰ ਚਲਾਉਣ ਵਾਲੇ ਨੂੰ ਮੰਨੋ। ਲੋਕਾਂ ਨੂੰ ਸਮਝਾਉਣ ਲਈ ਫਿਰ ਮਨੀਕਰਣ ( ਕੁਲੂ ਤੋਂ 40 ਕਿ. ਮੀ ਪੂਰਬ) ਦੇ ਸਥਾਨ ਤੇ ਗੁਰੂ ਸਾਹਿਬ ਨੇ ਹੁਕਮ ਕਰ ਕੇ ਖੁਦਵਾਈ ਕਰਾਈ ਤੇ ਓਥੋਂ ਵੀ ਗਰਮ ਜਲ ਦਾ ਚਸ਼ਮਾ ਫੁੱਟ ਪਿਆ। ਗੁਰਸਿੱਖਾਂ ਨੇ ਅੱਜ ਵੀ ਓਥੇ ਗੁਰੂ ਸਾਹਿਬ ਦੀ ਯਾਦਗਾਰ ਬਣਾਈ ਹੋਈ ਹੈ।

ਪੁਰਾਤਨ ਜਨਮਸਾਖੀ ਵਿੱਚ ਆਉਦਾ ਹੈ ਕਿ ਇਥੇ ਲੋਕਾਂ ਨੇ ਮਰਦਾਨੇ ਨੂੰ ਕੱਚੀ ਰਸਦ ਤਾਂ ਦੇ ਦਿੱਤੀ ਪਰ ਇਲਾਕੇ ਵਿੱਚ ਪ੍ਰਚਲਤ ਵਹਿਮ ਕਾਰਨ ਅੱਗ ਨਾਂ ਦਿੱਤੀ। ਫਿਰ ਗੁਰੂ ਸਾਹਿਬ ਦੇ


ਪੈੜ ਸਫ਼ਾ

❁ ਵੀਹਵੀ ਇੱਕਵੀ ਸਦੀ ਦੇ ਬਹੁਤੇ ਇਤਹਾਸਕਾਰਾਂ (ਸਿਵਾਏ ਪਿਆਰ ਸਿੰਘ) ਨੇ ਇਸ ਸਾਖੀ ਨੂੰ ਭੂਟਾਨ ਦੇਸ਼ ਵਿਚ ਹੋਣਾ ਮੰਨਿਆ ਹੈ। ਜੋ ਕਿ ਸਰਾਸਰ ਗਲਤ ਹੈ। ਸਾਖੀ ਬੀ:40-124 ਤੇ ਆਉਦੀ ਹੈ ਤੇ ਨਾਲ ਹੀ ਫਿਰ ਮਨੀਕਰਣ ਵਾਲੀ ਸਾਖੀ ਦਿਤੀ ਹੋਈ ਹੈ।

ਭੂੰਤਰ ਦਾ ਪੁਰਾਣਾ ਨਾਂ ਭੂਟੰਤਰ ਸੀ। ਸਾਖੀਕਾਰ ਨੇ ਭੂਟੰਤਰ ਨੂੰ ਭੂਟੰਤ ਲਿਖ ਦਿਤਾ ਹੈ, "ਸਾਖੀ ਭੂਟੰਤ ਦੇਸ ਕੀ ਚਲੀ"। ਸਾਡੇ ਅਜੋਕੇ ਵਿਦਵਾਨਾਂ ਨੇ ਇਸ ਨੂੰ ਭੂਟਾਨ ਨਾਲ ਜੋੜ ਦਿਤਾ। ਸਾਖੀਕਾਰ ਨੇ ਬਾਕਾਇਦਾ ਨਾਲ ਤਸਵੀਰ ਵੀ ਬਣਾਈ ਹੋਈ ਹੈ ਜਿਸ ਵਿਚ ਸਾਫ ਤੌਰ ਤੇ ਹਿਮਾਚਲੀ ਲੋਕ ਵਿਖਾਏ ਹਨ।

ਵੱਖਰੀ ਰਿਆਸਤ ਹੋਣ ਕਰਕੇ ਭੂਟੰਤ ਦੇਸ ਲਿਖਿਆ ਹੈ ਪਰ ਮਨੀਕਰਣ ਵੀ ਤਾਂ ਇਹੋ ਕੁਝ ਲਿਖਿਆ ਹੈ, "ਬਾਬਾ ਜੀ ਇਕ ਮੁਲਕ ਗਇਆ॥" ਧਿਆਨ ਰਹੇ 400 ਸਾਲ ਪਹਿਲਾਂ ਮੁਲਕਾਂ ਦੇਸਾਂ ਦੇ ਮਾਇਨੇ ਵੱਖਰੇ ਸਨ।

ਨਾਲੇ ਸਭ ਤੋਂ ਵੱਡਾ ਸਬੂਤ ਮੁਕਾਮੀ ਰਵਾਇਤ ਹੈ ਜਿਸ ਅਨੁਸਾਰ ਗੁਰੂ ਸਾਹਿਬ ਇਥੇ ਬਿਰਾਜੇ ਅਤੇ ਲੋਕ ਉਹ ਸਿਲ ਵੀ ਪਛਾਣਦੇ ਹਨ ਜਿੱਥੇ ਗੁਰੂ ਆ ਕੇ ਬਿਰਾਜੇ ਸਨ। ਹੁਸ਼ਿਆਰ ਪੁਰ ਦੇ ਭਾਈ ਈਸ਼ਰ ਸਿੰਘ ਜਦੋਂ 1924 ਈ ਵਿਚ ਇਥੇ ਪਹੁੰਚੇ ਤਾਂ ਮੁਕਾਮੀ ਰਵਾਇਤ ਸੁਣ ਕੇ ਉਨਾਂ ਇਥੇ ਯਾਦਗਾਰ ਬਣਾਉਣ ਦਾ ਤਹੱਈਆ ਕਰ ਲਿਆ ਅਤੇ 1927 ਵਿਚ ਗੁਰਦੁਆਰਾ ਸਾਹਿਬ ਉਸ ਥਾਂ ਤੇ ਬਣਾ ਦਿਤਾ ਜਿੱਥੇ ਗੁਰੂ ਸਾਹਿਬ ਬਿਰਾਜੇ ਸਨ। ਇਸ ਗਰੀਬ ਸਿੰਘ ਦੀ ਭੂੰਤਰ ਵਿਖੇ ਪ੍ਰਚੂਨ ਦੀ ਹੱਟੀ ਸੀ। ਇਨਾਂ ਦੀ ਸੋਚ ਸਾਬਤ ਕਰਦੀ ਹੈ ਕਿ ਸ਼ਰਧਾਵਾਨ ਅਨਪੜ੍ਹ ਬੰਦੇ ਦੀ ਸੋਚ ਵੱਡੇ ਵਿਦਵਾਨਾਂ ਨੂੰ ਮਾਤ ਪਾ ਸਕਦੀ ਹੈ। ਅਸੀ ਸਭ ਲਿਖਾਰੀ ਭੂਟੰਤ ਨੂੰ ਭੂਟਾਨ ਹੀ ਸਮਝਦੇ ਆਏ ਸਾਂ। ਖੈਰ ਪਹਾੜੀ ਇਲਾਕਿਆਂ ਵਿਚ ਰਵਾਇਤ ਹੈ ਕਿ ਪਹਾੜਾਂ ਵਿਚ ਕਪਾਹ ਦੀ ਖੇਤੀ ਗੁਰੂ ਸਾਹਿਬ ਦੀ ਬਖਸ਼ਸ਼ ਕਰਕੇ ਹੀ ਸ਼ੁਰੂ ਹੋਈ ਸੀ।



"ਸਾਖੀ ਭੁਟੰਤ ਦੇਸ ਕੀ ਚਲੀ" ਬੀ:40 ਤਸਵੀਰ। ਤਸਵੀਰ ਵਿਚ ਗੁਰੂ ਸਾਹਿਬ ਤੇ ਮਰਦਾਨੇ ਤੋਂ ਇਲਾਵਾ ਜਿਹੜੇ ਤਿੰਨ ਬੰਦੇ ਚਿਤਰੇ ਗਏ ਹਨ ਸਾਫ ਸਾਫ ਹਿਮਾਚਲੀ ਪਹਾੜੀ ਨਜ਼ਰ ਆ ਰਹੇ ਨੇ। ਭੂਟਾਨੀ ਲੋਕ ਤਾਂ ਅਜਿਹੀ ਦਸਤਾਰ ਨਹੀ ਬੰਨਦੇ ਆਏ। ਫਿਰ ਇਥੇ ਚਿਹਰੇ ਵੀ ਚੀਨੀ ਚਪਟੇ ਨਹੀ ਹਨ।

ਉਪਦੇਸ਼ ਅਨੁਸਾਰ ਮਰਦਾਨੇ ਨੇ ਦਾਲ ਚਾਵਲ ਆਦਿ ਕਪੜੇ ਵਿੱਚ ਬੰਨ ਕੇ ਗਰਮ ਚਸ਼ਮੇ ਵਿੱਚ ਲਮਕਾਅ ਦਿੱਤੇ ਤੇ ਕੁਝ ਚਿਰ ਬਾਅਦ ਭੋਜਨ ਤਿਆਰ ਹੋ ਗਿਆ। **

ਮਨੀਕਰਨ ਦੇ ਗਰਮ ਚਸ਼ਮੇ ਵਿੱਚ ਹੀ ਅੱਜ ਵੀ ਲੰਗਰ ਪਕਾਇਆ ਜਾਂਦਾ ਹੈ ਜਿਸ ਨੂੰ ਦੇਖ ਯਾਤਰੀ ਗੱਦ ਗੱਦ ਹੋ ਉਠਦੇ ਹਨ। ਗੁਰੂ ਸਾਹਿਬ ਦੀ ਆਮਦ ਤੋਂ ਪਹਿਲਾਂ ਇਨਾਂ ਸਭ ਨੂੰ ਪੂਜਿਆਂ ਜਾਂਦਾ ਸੀ। ਮਨੀਕਰਨ ਵਿੱਚ ਯਾਦਗਾਰੀ ਗੁਰਦੁਆਰਾ ਸਾਹਿਬ ਵੀ ਮੌਜੂਦ ਹੈ। (ਸਰੋਤ: ਬੀ-40 -125)



ਭੂੰਤਰ-ਉਹ ਦੋ ਚਟਾਨਾਂ ਜਿਹਨਾਂ ਤੇ ਗੁਰੂ ਸਾਹਿਬ ਅਤੇ ਮਰਦਾਨੇ ਨੇ ਬਹਿ ਕੀਰਤਨ ਕੀਤਾ। (ਭੂੰਤਰ ਗੁਰਦੁਆਰਾ ਸਾਹਿਬ ਦੇ ਅੰਦਰ ਮੌਜੂਦ)

-----◈-----

## ਬਾਬੇ ਜਾ ਜਗਾਏ ਸੁਮੇਰ ਦੇ ਸੁੱਤੇ ਜੋਗੀ
## ਸੁਮੇਰ ਜਾਂ ਕੈਲਾਸ਼ ਪਰਬਤ –

ਹਿੰਦੂਆਂ ਦਾ ਮੰਨਣਾ ਹੈ ਕਿ ਸਵੱਰਗ ਭਾਵ ਕੈਲਾਸ਼ ਪਰਬਤ ਤੇ ਭਗਵਾਨ ਸ਼ਿਵ ਜੀ ਨਿਵਾਸ ਕਰਦੇ ਹਨ।

**ਭੂਗੋਲਿਕ ਹਾਲਾਤ**- ਨਕਸ਼ੇ ਤੇ ਲਖਨਊ (ਯੂ. ਪੀ) ਤੋਂ ਐਨ ਉੱਤਰ ਪਾਸੇ ਸਿੱਧੀ ਲਾਈਨ ਖਿੱਚੀਏ ਤਾਂ 500 ਕਿ. ਮੀ. ਦੂਰੀ ਤੇ ਜਾ ਕੇ ਹਿਮਾਲੀਆ ਪਹਾੜ ਮਾਲਾ ਤਿਬਤ ਚੀਨ ਵਿੱਚ ਪੈਦਾ ਹੈ, ਕੈਲਾਸ਼ ਪਰਬਤ। ਜਿੰਨੂ ਹਿੰਦੂ ਸ਼ਿਵ ਲਿੰਗ ਤੇ ਬੋਧੀ ਗੋਮਪਾ ਜਾਂ ਸਤੂਪ ਮੰਨਦੇ ਹਨ। ਕਾਠਮੰਡੂ ਨਿਪਾਲ ਤੋਂ 670 ਕਿ. ਮੀ.। ਤਿਬਤ ਦੀ ਰਾਜਧਾਨੀ ਲਾਸਾ ਤੋਂ 970 ਕਿ.ਮੀ. ਪੱਛਮ ਵਿੱਚ। ਜਲੰਧਰ ਤੋਂ ਐਨ ਚੜ੍ਹਦੇ ਪਾਸੇ 540 ਕਿ. ਮੀ.। (ਇਹ ਦੂਰੀਆਂ ਨੱਕ ਦੀ ਸੇਧ ਤੇ ਦਿੱਤੀਆਂ ਹਨ। ਅਸਲ ਰਸਤੇ ਤਾਂ ਇਸ ਤੋਂ ਦੂਣੇ ਤੀਣੇ ਪੈ ਜਾਂਦੇ ਹਨ ਕਿਉਕਿ ਟੇਡੀਆਂ ਮੇਡੀਆਂ ਪਹਾੜੀ ਪਗਡੰਡੀਆਂ ਥਾਣੀ ਜਾਣਾ ਪੈਂਦਾ ਹੈ) ਕੈਲਾਸ਼ ਪਰਬਤ ਉਂਜ ਪੁਰਾਤਨ ਰੇਸ਼ਮ ਮਾਰਗ (ਸਿਲਕ ਰੂਟ) ਤੋਂ ਸਿਰਫ 10 ਕਿ. ਮੀ. ਉਤਰ ਤੇ ਹੈ।

ਕੈਲਾਸ਼ ਪਰਬਤ ਚੋਟੀ ਦੀ ਉਚਾਈ - 21778 ਫੁੱਟ (6638 ਮੀਟਰ)- ਚੋਟੀ ਦੁਆਲੇ ਪ੍ਰਕਰਮਾ 52 ਕਿ. ਮੀ. ਪੈਂਦੀ ਹੈ ਤੇ ਕਈ ਸ਼ਰਧਾਲੂ ਸਾ ਦਿਨ ਵਿੱਚ ਇਹ ਪਰਕਰਮਾ ਕਰ ਲੈਂਦੇ ਹਨ। ਕੈਲਾਸ਼ ਪਰਬਤ ਨੂੰ ਹੀ ਸੁਮੇਰ ਪਰਬਤ ਵੀ ਕਿਹਾ ਜਾਂਦਾ ਹੈ ਭਾਵ ਸਾਰੇ ਪਹਾੜਾਂ ਤੋਂ ਸੁਰੇਸ਼ਠ। ਫਿਰ ਹਿੰਦੂ ਧਰਮ ਦੀ ਸਭ ਤੋਂ ਪਵਿਤ੍ਰ ਨਦੀ ਗੰਗਾ ਵੀ ਇਥੋਂ ਹੀ ਨਿਕਲਦੀ ਹੈ।

ਧਾਰਮਿਕ ਆਸਥਾ ਦੇ ਮੱਦੇ ਨਜਰ ਚੀਨੀ ਸਰਕਾਰ ਨੇ ਇਸ ਚੋਟੀ ਤੇ ਚੜ੍ਹਨ ਤੇ ਕਨੂੰਨੀ ਰੋਕ ਲਾਈ ਹੋਈ ਹੈ।

ਤਾਪਮਾਨ - ਉੱਚਾਈ ਤੇ ਹੋਣ ਕਰਕੇ ਇਹ ਇਲਾਕਾ ਸਾਲ ਦਾ ਬਹੁਤ ਸਮਾਂ ਜੰਮਿਆ ਹੀ ਰਹਿੰਦਾ ਹੈ। ਤਾਪਮਾਨ ਮਨਫੀ 15 ਡਿਗਰੀ ਤੱਕ ਤਾਂ ਆਮ ਹੀ ਸਰਦੀਆਂ ਵਿੱਚ ਹੋ ਜਾਂਦਾ ਹੈ। ਗਰਮੀਆਂ ਭਾਵ ਜੇਠ ਮਹੀਨੇ ਤੋਂ ਕਤਕ ਔਸਤਨ ਤਾਪਮਾਨ ਵਧ ਤੋ ਵੱਧ 15-17 ਡਿਗਰੀ ਤੇ ਘੱਟੋ ਘੱਟ ਭਾਵ ਰਾਤ ਵੇਲੇ 5 ਡਿਗਰੀ ਹੁੰਦਾ ਹੈ। ਬਾਰਸ਼ ਨਾਂ ਹੋਣ ਬਰਾਬਰ ਹੀ ਹੈ। ਭਾਵ ਰੇਗਸਤਾਨ ਤੇ ਉਹ ਵੀ ਠੰਡਾ ਤੇ ਖੁਸ਼ਕ। ਜਿਆਦਾ ਠੰਡ ਹੋਣ ਕਰਕੇ ਬਰਫ ਪੈਂਦੀ ਹੈ ਜੋ ਗਰਮੀਆਂ 'ਚ ਪਿਘਲਦੀ ਹੈ ਤੇ ਥੋੜਾ ਬਹੁਤ ਜੀਵਨ ਚਲਦਾ ਹੈ।

**ਅਬਾਦੀ** - ਹਜ਼ਾਰਾਂ ਸਾਲਾਂ ਤੋਂ ਧਾਰਮਿਕ ਆਸਥਾ ਦਾ ਮਰਕਜ਼ ਰਹਿਣ ਦੇ ਬਾਵਜੂਦ ਇਲਾਕੇ ਵਿੱਚ ਅਬਾਦੀ ਨਾਂ ਦੇ ਬਰਾਬਰ ਹੈ। ਜਿਸ ਜਿਲੇ ਵਿੱਚ ਕੈਲਾਸ਼ ਸਥਿਤ ਹੈ ਓਥੋਂ ਦੀ ਫੀ ਵਰਗ ਕਿ. ਮੀ ਔਸਤ ਅਬਾਦੀ 0.38 ਹੈ ਮਤਲਬ ਕਿ 18 ਵਰਗ ਕਿ. ਮੀ ਵਿੱਚ ਕਿਤੇ 3 ਬੰਦੇ ਹਨ। (ਪੰਜਾਬ ਦੀ ਔਸਤ ਅਬਾਦੀ -550 ਬੰਦੇ ਫੀ ਵਰਗ ਕਿ. ਮੀ. ਹੈ)

**ਬੋਧੀ ਮੱਠ** - ਕੈਲਾਸ਼ ਦੇ ਨੇੜੇ ਤੇੜੇ ਅੱਜ ਵੀ ਚਾਰ ਵੱਡੇ ਬੋਧੀ ਮੱਠ



ਗੁਰਦੁਆਰਾ ਸਾਹਿਬ ਮਨੀਕਰਣ

ਹਨ: 1. ਜ਼ਬੂਰਾ, 2. ਚਿਊ ਗੋਮਪਾ, 3. ਜ਼ੇਰੀ, 4. ਜ਼ੋਜ਼ੁਬ।

ਹਿੰਦੂਆਂ ਦਾ ਕਹਿਣਾ ਹੈ ਕਿ ਇਹ ਸ਼ੁਰੂ ਵਿੱਚ ਜੋਗੀਆਂ ਦੇ ਸਥਾਨ ਜਾਂ ਆਸਣ ਜਾਂ ਆਸ਼ਰਮ ਸਨ। ਹਿੰਦੂਆਂ ਦੀਆਂ ਲਿਖਤਾਂ ਦੱਸਦੀਆਂ ਹਨ ਕਿ ਕੈਲਾਸ਼ ਮਾਨਸਰੋਵਰ ਵਿਖੇ ਸੈਕੜੇ ਸਾਧੂ ਗੁਫਾਵਾਂ ਕੰਦਰਾਂ ਵਿੱਚ ਬੈਠੇ ਤਪੱਸਿਆ ਕਰਦੇ ਰਹਿੰਦੇ ਸਨ।

ਤਿੱਬਤ ਕੋਈ ਛੋਟਾ ਮੁਲਕ ਨਹੀ। ਨਿਪਾਲ, ਭੂਟਾਨ, ਸਿੱਕਮ ਜਿਹੇ ਨਾਲ ਲੱਗਦੇ ਇਲਾਕਿਆਂ ਦਾ ਸਭਿਆਚਾਰ ਵੀ ਇਸ ਨਾਲ ਕੁਝ ਮਿਲਦਾ ਜੁਲਦਾ ਹੈ। ਵਸੇਬੇ ਪੱਖੋ ਇਹ ਮੁਲਕ ਮੁਸ਼ਕਲਾਂ ਨਾਲ ਭਰਿਆ ਪਿਆਂ। ਦੁਨੀਆ ਦਾ ਸਭ ਤੋਂ ਵੱਧ ਉੱਚਾਈ ਵਾਲਾ ਮੁਲਕ, ਬਹੁਤੀ ਥਾਂਈ ਬਾਰਸ਼ ਵੀ ਬਹੁਤ ਘੱਟ ਹੁੰਦੀ ਹੈ।

-----◆-----

## ਰਾਹ ਵਿੱਚ – ਡੂੰਘੀ ਸਮਾਧੀ ਵਿੱਚ ਪਿਆ ਲਾਮਾ ਵੇਖਿਆ ❁

ਗੁਰੂ ਸਾਹਿਬ ਨਾਲ ਕੁੱਲੂ ਜਾਂ ਕਿੰਨੌਰ ਤੋਂ ਇੱਕ ਦੋ ਜੋਗੀ ਜਾਂ ਬੋਧੀ ਭਿਖਸ਼ੂ ਵੀ ਮਿਲ ਗਏ ਜੋ ਕੈਲਾਸ਼ ਪਰਬਤ ਦੇ ਦਰਸ਼ਨਾਂ ਦੀ ਤਾਂਘ ਰੱਖਦੇ ਸਨ। ਤਿੱਬਤ ਦੇ ਉਸ ਦੁਰਗਮ ਮਾਰਗ ਤੇ ਚਲਦਿਆਂ ਰਾਹ ਵਿੱਚ ਇੱਕ ਬੋਧੀ ਵਿਹਾਰ ਜਾਂ ਮੱਠ ਨਜਰ ਆਇਆ। ਗੁਰੂ ਸਾਹਿਬ ਸਾਥੀਆਂ ਨਾਲ ਅੰਦਰ ਗਏ। ਅਵਾਜ ਮਾਰਨ ਤੇ ਕੋਈ



ਮਨੀਕਰਨ ਦੇ ਕੁਦਰਤੀ ਗਰਮ ਚਸ਼ਮੇ ਵਿਚ ਲੰਗਰ ਲਈ ਦੇਗਾਂ ਬਣ ਰਹੀਆਂ ਨੇ। ਨਾਲੇ ਗਰਮ ਚਸ਼ਮਾ ਜਾਰੀ ਕੀਤਾ ਤੇ ਨਾਲੇ ਪਹਾੜੀ ਲੋਕਾਂ ਨੂੰ ਗੁਰੂ ਸਾਹਿਬ ਨੇ ਗਰਮ ਪਾਣੀ ਦੀ ਵਰਤੋਂ ਸਿਖਾਈ ਸੀ। ਇਥੇ ਗੁਰਦੁਆਰਾ ਸਾਹਿਬ ਮੌਜੂਦ ਹੈ।

ਜਵਾਬ ਨਾਂ ਮਿਲਿਆ।

ਸਾਥੀਆਂ ਸਮੇਤ ਫਿਰ ਗੁਰੂ ਸਾਹਿਬ ਸਮਾਧੀ ਵਾਲੇ ਕਮਰੇ ਵਿੱਚ ਗਏ। ਵੇਖਿਆ ਇੱਕ ਸਾਧੂ ਜਾਂ ਲਾਮਾ ਡੂੰਘੀ ਸਮਾਧੀ ਵਿੱਚ ਹੈ। ਬਥੇਰੀਆਂ ਵਾਜਾਂ ਮਾਰੀਆਂ ਪਰ ਜਵਾਬ ਕਿਥੇ।

ਸਾਹਿਬ ਦਾ ਸਾਥੀ ਬਿਸ਼ੰਭਰ ਨਾਥ ਫਿਰ ਬੋਲਿਆ:

ਕਰਵਟ ਫੇਰ ਨੈਨਾ ਕੋ ਖੋਲ।
ਸਨਮੁਖ ਹੋਇ ਕੇ ਦਰਸਨ ਦੇਹੁ।
ਚਰਨ ਪਖਾਲੋਂ ਪੂਜੋ ਦੇਹੁ।
ਮਾਤ ਲੋਕ ਤੇ ਆਇ ਪਹੁੰਚੇ।
ਨਾਨਕ ਦਾਸ ਤਪਾ ਤੁਹਿ ਪੁੱਛੇ।

ਲਾਮਿਆਂ ਨੇ ਕਿਹਾ ਜੀ ਇਹ ਸਾਧੂ ਬੁੱਧ ਅਵਸਥਾ ਵਿੱਚ ਚਲਾ ਗਇਆ ਹੈ। ਗੁਰੂ ਸਾਹਿਬ ਨੇ ਕਿਹਾ ਕਿ ਇਹੋ ਜਿਹੀ ਸਮਾਧੀ ਦਾ ਕੋਈ ਫਾਇਦਾ ਨਹੀ। ਸਾਹਿਬ ਨੇ ਰਾਮਕਲੀ ਵਿੱਚ ਸਬਦ ਕਿਹਾ:-

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥ ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥ ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ ਰਹਾਉ ॥ ਭਿਖਿਆ ਭਾਇ ਭਗਤਿ ਭੈ ਚਲੈ ॥ ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥ ਧਿਆਨ ਰੂਪਿ ਹੋਇ ਆਸਣੁ ਪਾਵੈ ॥ ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥ ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥੩॥ ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥ ਗੁਰ ਚੇਲੇ ਕੀ ਸੰਧਿ ਮਿਲਾਏ ॥ ਦੀਖਿਆ ਦਾਰੂ ਭੋਜਨੁ ਖਾਇ ॥ ਛਿਅ ਦਰਸਨ ਕੀ ਸੋਝੀ ਪਾਇ ॥੪॥੫

ਸਾਹਿਬ ਨਾਲ ਮਛਿੰਦਰ ਜੋਗੀ ਸੰਪਰਦਾ ਦਾ ਚੇਲਾ ਉਨੂੰ ਗੁਰੂ ਸਾਹਿਬ ਨੇ ਸੰਬੋਧਨ ਹੋ ਕੇ ਕਿਹਾ ਕਿ ਭਾਈ ਇਹੋ ਜਿਹੀ ਸਮਾਧ ਦਾ ਕੀ ਫਾਇਦਾ। ਅਸਲ ਸਮਾਧੀ ਹੈ ਸਮਾਜਕ ਜੀਵਨ ਵਿੱਚ ਵਿੱਚਰਦਿਆਂ ਸਮਾਧੀ ਅਵਸਥਾ ਵਿੱਚ ਰਹਿਣਾ। ਕਾਮ ਕ੍ਰੋਧ ਲੋਭ ਮੋਹ ਹੰਕਾਰ ਤੋਂ ਆਪਣੇ ਆਪ ਨੂੰ ਬਚਾਉਣਾ। ਹਮੇਸ਼ਾਂ ਨਿਰੰਕਾਰ ਦਾ ਗੁਣਗਾਨ ਕਰਨਾਂ। ਸਬਰ ਸੰਤੋਖ ਨਾਲ, ਅਕਾਲ ਪੁਰਖ ਦੇ ਡਰ ਵਿੱਚ ਰਹਿਕੇ ਓਹਨੇ ਭਿਖਿਆ ਪ੍ਰੇਮ ਦੀ ਲੈਣੀ ਹੈ ਭਾਵ ਲੋਕਾਂ ਨਾਲ ਅਜਿਹਾ ਵਰਤਾਵ ਕਰਨਾਂ ਹੈ ਕਿ ਅਗਲੇ ਦੇ ਮੰਨ ਵਿੱਚ ਉਹਦੇ ਪ੍ਰਤੀ ਪ੍ਰੇਮ ਉਤਪੰਨ ਹੋਵੇ। ਉਹਦੀ ਚੇਤੰਨਤਾ ਭਰੀ ਸਮਾਧੀ ਹਮੇਸ਼ਾਂ ਸੱਚ ਨਾਲ ਲੱਗੀ ਹੋਵੇ ਭਾਵ ਸੱਚ ਦਾ ਧਾਰਨੀ ਬਣੇ। ਇਹ ਹੈ ਅਸਲ ਸਾਧੂ ਦੀ ਨਿਸ਼ਾਨੀ ਕਿ ਉਹ ਇਸ ਆਸਵੰਦ ਸੰਸਾਰ ਵਿੱਚ ਰਹਿਕੇ ਆਸਾਂ ਉਮੀਦਾਂ ਤੋਂ ਨਿਰਲੇਪ ਰਹੇ। ਮੰਨ ਵਿੱਚ ਦ੍ਰਿੜ ਇਰਾਦਾ ਹੋਵੇ ਪ੍ਰਭੂ ਪ੍ਰਾਪਤੀ ਦਾ। ਉਨੂੰ ਫਿਰ ਆਪੇ ਬ੍ਰਹਮ ਗਿਆਨ ਪ੍ਰਾਪਤ ਹੋ ਜਾਵੇਗਾ ਸਾਰੇ ਧਾਰਮਿਕ ਅਸੂਲਾਂ ਦਾ ਪਤਾ ਲੱਗ ਜਾਏਗਾ।

ਫਿਰ ਗੁਰੂ ਸਾਹਿਬ ਤੇ ਸਾਥੀ ਜੋਗੀਆਂ ਨੇ ਮੱਠ ਵਿੱਚ ਲੱਗੇ ਰੁੱਖਾਂ ਦੇ ਮਿੱਠੇ ਫਲ ਖਾਧੇ ਤੇ ਅਗੇ ਚਲਦੇ ਬਣੇ।

-----◆-----

## ਚਾਰ ਧਰਮਾਂ ਦਾ ਪਵਿਤ੍ਰ ਸਥਾਨ ਕੈਲਾਸ਼

ਕੈਲਾਸ਼ ਪਰਬਤ ਹਿੰਦੂ, ਜੈਨ, ਬੋਧੀ ਤੇ ਤਿਬਤੀ ਧਰਮ ਬੋਨ ਦਾ

ਪੈੜ ਸਫਾ

ਕਈ ਅਜੋਕੇ ਲਿਖਾਰੀਆਂ (ਕੋਹਲੀ ਆਦਿ) ਲਿਖਿਆ ਹੈ ਕਿ ਗੁਰੂ ਸਾਹਿਬ ਬੁਸ਼ਹਿਰ ਵੀ ਗਏ। ਇਹ ਲੋਕ ਲਿਖਦੇ ਹਨ ਕਿ ਜਿਹੜਾ ਜਨਮ ਸਾਖੀਆਂ ਵਿੱਚ ਬਿਸੀਅਰ ਦੇਸ ਦੀ ਗੱਲ ਕਹੀ ਹੈ ਉਹ ਬੁਸ਼ਹਿਰ ਹੀ ਹੈ। ਇਸ ਬਾਬਤ ਅਸੀ ਸਪੱਸ਼ਟ ਕਰ ਚੁੱਕੇ ਹਾਂ ਕਿ ਬਿਸੀਅਰ ਤੋਂ ਮਤਲਬ ਬਿਸੀਅਰ ਨਾਗ ਹੈ। ਵੇਖੋ ਸਫਾ 163.

ਪਵਿਤ੍ਰ ਸਥਾਨ ਹੈ।

**1.ਹਿੰਦੂਮਤ –** 1 ਹਿੰਦੂ ਮਤ ਦਾ ਮੰਨਣਾ ਹੈ ਕਿ ਭਗਵਾਨ ਸ਼ਿਵ ਜੀ ਸਦਾ ਇਥੇ ਵਸਦੇ ਹਨ। ਏਸੇ ਕਰਕੇ ਫਿਰ ਕੈਲਾਸ਼ ਪਰਬਤ ਦਾ ਹਿੰਦੂ ਗ੍ਰੰਥਾਂ ਵਿੱਚ ਬਹੁਤ ਗੁਣਗਾਨ ਕੀਤਾ ਗਇਆ ਹੈ। ਜਿਵੇ ਮਹਾਭਾਰਤ, ਪਦਮ ਪੁਰਾਣ ਆਦਿ ਆਦਿ। ਹਿੰਦੂਆਂ ਦਾ ਮੰਨਣਾ ਹੈ ਕਿ ਕਾਂਸ਼ੀ ਜਾਂ ਦੁਨੀਆਂ ਦਾ ਹੋਰ ਕੋਈ ਸਥਾਂਨ ਤਾਂ ਤਬਾਹ ਹੋ ਸਕਦਾ ਪਰ ਕੈਲਾਸ਼ ਨਹੀ।

2. ਕੈਲਾਸ਼ ਪਰਬਤ ਨੂੰ ਹਿੰਦੂ ਲੋਕ ਸ੍ਰਿਸਟੀ ਦਾ ਧੁਰਾ ਜਾਂ ਕੇਂਦਰ ਮੰਨਦੇ ਹਨ।

3. ਹਿੰਦੂ ਲੋਕ ਮੰਨਦੇ ਹਨ ਕਿ ਗੰਗਾ ਕੈਲਾਸ਼ ਪਰਬਤ ਤੋਂ ਨਿਕਲਦੀ ਹੈ। ਪੁਰਾਣਾਂ ਵਿੱਚ ਕਥਾ ਹੈ ਕਿ ਇੱਕ ਵੇਰਾਂ ਰਾਜਾ ਭਗੀਰਥ ਦੇ ਰਾਜ ਵਿੱਚ ਕਾਲ ਪੈ ਗਇਆ ਕਿਉਕਿ 12 ਸਾਲ ਤੱਕ ਮੀਹ ਨਾ ਪਿਆ। ਆਖਿਰ ਭਗੀਰਥ ਨੇ ਹਿਮਾਲੀਆ ਪਹਾੜਾਂ ਵਿੱਚ ਜਾ ਕੇ ਘੋਰ ਤਪੱਸਿਆ ਕੀਤੀ। ਭਗਵਾਨ ਵਿਸ਼ਨੂੰ ਹਿਮਾਲਿਆ ਰਿਸ਼ੀ ਦੇ ਰੂਪ ਵਿੱਚ ਪ੍ਰਗਟ ਹੋਏ ਤੇ ਭਗੀਰਥ ਦੀ ਤਪੱਸਿਆ ਤੇ ਬਹੁਤ ਪ੍ਰਸੰਨ ਹੋਇਆ ਤੇ ਕਹਿਣ ਲੱਗਾ ਭਗੀਰਥ ਮੰਗ ਕੀ ਚਾਹੁੰਨੇ ਏ।

ਭਗੀਰਥ ਨੇ ਮੰਗ ਕੀਤੀ ਕਿ ਸੋਕੇ ਦੇ ਹਾਲਾਤਾਂ ਦੇ ਮੱਦੇ ਨਜਰ ਦੇਵਰਾਜ ਹਿਮਾਲਿਆ ਮੇਰੀ ਪਰਜਾ ਤੇ ਤਰਸ ਕਰੇ ਤੇ ਕੋਈ ਦਰਿਆ ਹਿਮਾਲੀਆ ਤੋਂ ਜਾਰੀ ਹੋ ਕੇ ਮੇਰੇ ਦੇਸ ਵਿੱਚ ਆ ਕੇ ਪਿਆਸੀ ਜਨਤਾ ਦੀ ਪਿਆਸ ਬੁਝਾਏ।

ਇਸ ਤੇ ਹਿਮਾਲੀਆ ਰਿਸ਼ੀ ਰਾਜੀ ਹੋ ਗਇਆ ਤੇ ਉਸ ਨੇ ਕਿਹਾ ਕਿ ਵੇਖੋ ਮੈਂ ਆਪਣੀ ਪੁੱਤਰੀ ਗੰਗਾ ਨੂੰ ਤੁਹਾਡੇ ਦੇਸ ਭੇਜ ਤਾਂ ਦੇਵਾਂ ਪਰ ਉਹ ਬਹੁਤ ਚੰਚਲ ਤੇ ਸ਼ਰਾਰਤੀ ਹੈ। ਉਹਨੂੰ ਮੈਂ ਜਿਵੇ ਅਜਾਦ ਕੀਤਾ ਉਹਨੇ ਤੁਹਾਡਾ ਸਾਰਾ ਮੁਲਕ ਬਹਾ ਕੇ ਲੈ ਜਾਣਾ ਵਾਂ ਹੜ੍ਹਾਂ ਦੇ ਰੂਪ ਵਿੱਚ।

ਕਥਾ 'ਚ ਦੱਸਿਆ ਹੈ ਕਿ ਭਗੀਰਥ ਨੇ ਫਿਰ ਸ਼ਿਵ ਜੀ ਦੀ ਅਰਾਧਨਾ ਕੀਤੀ ਤੇ ਸ਼ਿਵ ਨੇ ਪ੍ਰਸੰਨ ਹੋ ਕੇ ਕਿਹਾ ਕਿ ਮੰਗੋ ਭਗੀਰਥ ਕੀ ਮੰਗ ਹੈ ਤੁਹਾਡੀ? ਭਗੀਰਥ ਨੇ ਮੰਗਿਆ ਕਿ ਭਗਵਾਨ ਜੀ ਕਿਰਪਾ ਕਰੋ ਕਿ ਗੰਗਾ ਨਦੀ ਨੂੰ ਸੰਭਾਲ ਕੇ ਮੇਰੇ ਦੇਸ ਤੱਕ ਪਹੁੰਚਾਓ ਤਾਂ ਕਿ ਸਭ ਜਨ ਮਾਨਸ ਬਨਾਸਪਤੀ ਦੀ ਪਿਆਸ ਬੁਝ ਸਕੇ।

ਭਗਵਾਨ ਮੰਨ ਗਇਆ ਤੇ ਗੰਗਾ ਨੂੰ ਅਸਮਾਨ ਤੋਂ ਉਤਰਨ ਦੀ ਆਗਿਆ ਦੇ ਦਿੱਤੀ ਕਿ ਐ ਗੰਗਾ ਤੂੰ ਮੇਰੀਆਂ ਜਟਾਵਾਂ ਰਾਂਹੀ ਉਤਰਕੇ ਹਿੰਦੁਸਤਾਨ ਦੀ ਪਿਆਸ ਬੁਝਾ।

ਗੰਗਾ ਆਗਿਆਕਾਰ ਬਣੀ ਤੇ ਸ਼ਿਵ ਜੀ ਦੀਆਂ ਜਟਾਵਾਂ ਰਾਂਹੀ ਹੀ ਹਿਮਾਲੀਆ ਤੋਂ ਹੇਠਾ ਉਤਰਦੀ ਹੈ।

ਹਿੰਦੂ ਸ਼ਰਧਾਲੂ ਇਸ ਕਥਾ ਨੂੰ ਸੱਚ ਮੰਨਦੇ ਹਨ ਤੇ ਜਿੱਥੇ ਵੀ ਭਗਵਾਨ ਸ਼ਿਵ ਜੀ ਦੀ ਮੂਰਤ ਬਣਾਈ ਹੁੰਦੀ ਹੈ ਉਹਦੇ ਵਾਲਾਂ ਵਿੱਚ ਗੰਗਾ ਦਿਖਾਈ ਜਾਂਦੀ ਹੈ।

4. ਹਿੰਦੂ ਲੋਕ ਜੋ ਮੰਦਰਾਂ ਤੇ ਘਰਾਂ ਵਿੱਚ ਯੰਤਰ (Diagram) ਬਣਾਉਦੇ ਹਨ ਉਹਨਾਂ ਵਿੱਚ ਇੱਕ ਯੰਤਰ ਮੇਰੂ (ਸੁਮੇਰ ) ਕਹਾਉਦਾ ਹੈ ਇੱਕ ਮਹਾ-ਮੇਰੂ ਵੀ ਹੁੰਦਾ ਹੈ।

**ਬੁੱਧਮਤ** - ਕੈਲਾਸ਼ ਪਰਬਤ ਦਾ ਤਿਬਤੀ ਨਾਂ 'ਗੰਗ ਰਿਮਪੋਚੇ' ਜਿਹਦਾ ਮਤਲਬ 'ਬਰਫਾਨੀ ਰਤਨ' ਬਣਦਾ ਹੈ। ਪਹਾੜੀ ਦਾ ਸਥਾਨਕ ਨਾਮ 'ਤੀਸੇ' ਹੈ ਜਿਹਦਾ ਮਤਲਬ ਦਰਿਆਵਾਂ ਦੀ ਮਾਂ। ਤਿਬਤੀਆਂ ਅਨੁਸਾਰ ਇਥੋ ਹੀ ਚਾਰੇ ਪ੍ਰਸਿੱਧ ਦਰਿਆ ਨਿਕਲਦੇ ਹਨ: ਬ੍ਰਹਮਪੁਤਰ, ਸਿੰਧ, ਸਤਲੁਜ ਤੇ ਕਰਨਾਲੀ (ਘੱਗਰ)। ਕੈਲਾਸ਼ ਪਰਬਤ ਦੁਆਲੇ ਗੁਰੂ ਪਦਮਸੰਭਵ ਰਿਮਪੋਚੇ ਦੀਆਂ ਅਨੇਕਾਂ ਯਾਦਗਾਰੀ ਥਾਵਾਂ ਹਨ। ਜਿਵੇ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਪਦਮਸੰਭਵ ਰਿਮਪੋਚੇ ਹੀ ਤਿੱਬਤ ਦਾ ਗੁਰੂ ਹੈ ਜਿਸ ਨੇ ਬੁੱਧ ਮਤ ਤਿਬਤ ਵਿੱਚ ਫੈਲਾਇਆ। ਜੋਗੀਆਂ ਵਿੱਚ ਜਿੱਥੇ ਨਾਮ ਨਾਲ ਅੰਤ ਵਿੱਚ 'ਪਾ' ਲੱਗਦਾ ਹੈ ਸਮਝੋ ਉਹ ਤਿਬਤੀ ਜੋਗੀ ਹੈ। ਜਿਵੇ ਕਨੀਪਾ, ਹਨੀਪਾ ਆਦਿ।

ਗੁਰੂ ਨਾਨਕ ਤੇ ਪਦਮਸੰਭਵ ਵਾਲੀ ਸਾਖੀ ਵਿੱਚ ਪਿੱਛੇ ਆ ਚੁੱਕਾ ਹੈ ਕਿ ਕਿਵੇ ਬੁੱਧਮਤ ਦਾ ਵਜਰਯਾਨ ਫਿਰਕਾ ਗੁਰੂ ਗੋਰਖ ਤੇ ਗੁਰੂ ਮਛਿੰਦਰ ਨੂੰ ਆਪਣੇ ਗੁਰੂ ਮੰਨਦੇ ਹਨ। ਜਦੋਂ ਕਿ ਕੈਲਾਸ਼ ਮੁਖ ਤੌਰ ਤੇ ਸ਼ਿਵ ਪੰਥੀ ਜੋਗੀਆਂ ਦੀ ਹੀ ਜਗ੍ਹਾ ਹੈ।

**ਬੋਨ ਮਤ**- ਤਿੱਬਤ ਦਾ ਮੂਲ ਧਰਮ ਜਿਸ ਨੂੰ 11ਵੀਸਦੀ ਵਿੱਚ ਦੁਬਾਰਾ ਸੁਰਜੀਤ ਕੀਤਾ ਗਇਆ ਸੀ ਉਹ ਵੀ ਕੈਲਾਸ਼ ਪਹਾੜੀ ਨੂੰ ਪਵਿਤ੍ਰ ਗਿਣਦਾ ਹੈ ਇਸ ਦੁਆਲੇ ਓਨਾਂ ਦੀਆਂ ਕਈ ਸਾਖੀਆਂ ਪ੍ਰਚਲਤ ਹਨ।

**ਜੈਨਮਤ**- ਜੈਨੀ ਲੋਕ ਮੰਨਦੇ ਹਨ ਕਿ ਉਹਨੇ ਦੇ ਧਰਮ ਦੇ ਮੋਢੀ ਤੀਰਥੰਕਰ ਰਿਸ਼ਭਦੇਵ ਜਿੰਨ੍ਹ ਉਹ ਆਦਿਨਾਥ ਵੀ ਕਹਿੰਦੇ ਹਨ ਨੂੰ ਮੁਕਤੀ ਇਥੇ ਕੈਲਾਸ਼ ਪਰਬਤ ਤੇ ਹੀ ਮਿਲੀ ਸੀ।

ਗੁਰੂ ਸਾਹਿਬ ਕਿਹੜੇ ਰਸਤੇ ਆਏ? - ਕੁੱਲੂ ਤੋ ਬਿਜਲੀ ਮਹਾਦੇਵ ਫਿਰ ਮਨੀਕਰਨ ਤੇ ਮਨੀਕਰਨ ਤੋਂ ਵਾਪਸ ਭੁੰਤਰ ਤੇ ਜਿੱਥੇ ਅੱਜ ਮਹੌਲੀ ਹੈ ਓਥੋਂ ਫਿਰ ਸਤਲੁਜ ਦੇ ਕੰਢੇ ਕੰਢੇ ਉੱਤਰ ਦਿਸ਼ਾ (ਕਿੰਨੌਰ ਜਿਲਾ) ਫੜੀ ਸਾਹਿਬ ਨੇ।*

ਪੈੜ ਸਫਾ

✽ ਬਾਲਾ - 248



ਜੋਗੀਆਂ ਵਿੱਚ ਸਮਾਧੀ ਦਾ ਸਿਧਾਂਤ ਬਹੁਤ ਮਸ਼ਹੂਰ ਹੈ। ਜੋਗੀ ਬਿਨਾਂ ਹਿੱਲੇ ਡੁੱਲੇ ਕਈ ਕਈ ਦਿਨ ਪਏ ਰਹਿੰਦੇ ਹਨ। ਬੋਧੀ ਲੋਕਾਂ ਦਾ ਕਹਿਣਾ ਕਿ ਜੇ ਭਿਖਸ਼ੂ 3 ਹਫਤੇ ਤੱਕ ਬਿਨਾਂ ਹਿਲੇ ਡੁੱਲੇ ਸਮਾਧੀ ਵਿੱਚ ਰਹਿੰਦਾ ਹੈ ਤਾਂ ਸਮਝੋ ਕਿ ਉਹ ਬੁੱਧ ਹੋ ਗਇਆ ਭਾਵ ਉਹਨੂੰ ਅੰਤਮ ਗਿਆਨ ਦੀ ਪ੍ਰਾਪਤੀ ਹੋ ਗਈ।

ਪਿਛੇ ਫਰਵਰੀ 2015 ਮੰਗੋਲੀਆ ਵਿੱਚ ਪੁਲਿਸ ਨੇ ਇੱਕ ਤਸਕਰ ਨੂੰ ਫੜਿਆ ਜਿਹੜਾ ਕਿਸੇ ਬੋਧੀ ਭਿਖਸ਼ੂ ਦੀ ਮੰਮੀ ਬਣ ਚੁੱਕੀ ਲਾਸ਼ ਨੂੰ ਵੇਚਣ ਲਈ ਸਰਹੱਦ ਪਾਰ ਕਰਨ ਦੇ ਯਤਨਾਂ ਵਿੱਚ ਸੀ। ਬਾਦ ਵਿੱਚ ਪਤਾ ਲੱਗਾ ਕਿ ਇਹ ਦਾਸ਼ੀ ਦੋਰਜੀ ਭਿਖਸ਼ੂ ਦੀ ਦੇਹ ਹੈ ਜੋ 1852 ਈ ਤੋਂ ਲੈ ਕੇ ਇਸੇ ਅਵਸਥਾ ਵਿੱਚ ਹੈ। ਬੋਧੀਆਂ ਨੇ ਦੁਹਾਈ ਦੇ ਦਿੱਤੀ ਕਿ ਕਮਲ ਸਮਾਧੀ ਵਿੱਚ ਬੈਠਾ ਭਿਖਸ਼ੂ ਜਿੰਦਾ ਹੈ। ਡਾਕਟਰਾਂ ਕਿਹਾ ਕਿ ਇਹ ਮੰਮੀ ਬਣ ਚੁੱਕਾ ਹੈ। ਪੂਰੀ ਦੁਨੀਆਂ ਨੇ ਭਿਖਸ਼ੂ ਦੀ ਮੰਮੀ ਬਣੀ ਲਾਸ਼ ਦੀ ਫੋਟੋ ਵੇਖੀ।

ਹੋ ਸਕਦੈ ਗੁਰੂ ਸਾਹਿਬ ਦੇ ਸਾਥੀਆਂ ਨੇ ਵੀ ਕੋਈ ਅਜਿਹੀ ਲਾਸ਼ ਹੀ ਵੇਖੀ ਹੋਵੇਗੀ।

ਕੈਲਾਸ਼ ਪਰਬਤ ਦੇ ਦੱਖਣ ਵਿੱਚ 50 ਕਿ. ਮੀ. ਦੀ ਦੂਰੀ ਤੇ ਮਾਨਸਰੋਵਰ ਝੀਲ ਹੈ। ਮਾਨ ਸਰੋਵਰ ਦੇ ਨੇੜੇ ਹੀ ਫਿਰ ਰਾਖਸ ਤਲਾ ਹੈ।

ਜਿਵੇ ਉੱਤੇ ਦੱਸਿਆ ਜਾ ਚੁੱਕਾ ਹੈ ਕਿ ਹਿੰਦੂ ਲੋਕ ਕੈਲਾਸ਼ ਪਰਬਤ ਨੂੰ ਸ਼ਿਵ ਜੀ ਤੇ ਪਾਰਬਤੀ ਦਾ ਨਿਵਾਸ ਮੰਨਦੇ ਹਨ। ਪਰਬਤ ਦੁਆਲੇ ਹਿੰਦੂ ਤੇ ਬੋਧੀ ਦੋਵੇ 52 ਕਿ. ਮੀ. ਲੰਮੀ ਪਰਕਰਮਾ ਕਰਨਾਂ ਪਵਿਤ੍ਰ ਸਮਝਦੇ ਹਨ। ਏਸੇ ਪਰਕਰਮਾ ਦੌਰਾਨ ਇੱਕ ਝੀਲ ਆਉਦੀ ਹੈ ਜੋ ਸਦਾ ਜੰਮੀ ਹੀ ਰਹਿੰਦੀ ਹੈ। ਇਸ ਨੂੰ ਗੌਰੀ ਕੁੰਡ ਕਿਹਾ ਜਾਂਦਾ ਹੈ।

ਗੁਰੂ ਸਾਹਿਬ ਆਪਣੀ ਪਹਿਲੀ ਉਦਾਸੀ ਮੌਕੇ ਬਦਰੀ ਨਾਥ ਤੱਕ ਤਾਂ ਗਏ ਸਨ ਪਰ ਕੈਲਾਸ਼ ਮਾਨਸਰੋਵਰ ਓਦੋਂ ਨਹੀ ਜਾ ਸਕੇ। ਸੋ ਗੁਰੂ ਸਾਹਿਬ ਨੇ ਸੁਮੇਰ ਪਰਬਤ ਦੇ ਸਿੱਧਾਂ ਜੋਗੀਆਂ ਨੂੰ ਰਾਹੇ ਪਾਉਣ ਲਈ ਐਤਕਾਂ ਫਿਰ ਉਤਰ ਪੱਛਮ ਦਾ ਰਸਤਾ ਅਖਤਿਆਰ ਕੀਤਾ ਜਿੰਨੂ ਉਨ ਮਾਰਗ (Wool Road) ਕਿਹਾ ਜਾਂਦਾ ਹੈ। ਅੱਜ ਦੇ ਕਿਨੌਰ ਜਿਲੇ ਤੇ ਥੋੜਾ ਅੱਗੇ ਸਤਲੁਜ ਦਰਿਆ ਦੇ ਨਾਲ ਨਾਲ ਸ਼ਿਪਕੀ ਲਾ ਦਰੇ ਥਾਂਣੀ ਦਿਆਸ਼ਿਆਂਗ,



ਕੈਲਾਸ਼ ਪਰਬਤ ਦੁਆਲੇ ਪਰਕਰਮਾਂ ਕਰਦੇ ਬੋਧੀ ਲੋਕ

ਸੰਗ ਕੂ, ਦੌਂਗਕਿਊ, ਮੰਗਗਾ, ਕਾਈ ਬਾਂਗਕਿਆਗਕੁ (ਬਾਇਰ ਸਟੇਸ਼ਨ) ਤੇ ਮੁਖ ਰੇਸ਼ਮ ਸੜਕ ਬਾਗਾਸਿਆਂਗ ਤੱਕ ਤੇ ਫਿਰ ਉਤਰ ਪਾਸੇ ਕੈਲਾਸ਼ ਪਰਬਤ। ਕੁੱਲੂ ਤੋਂ ਕੋਈ 600 ਕਿ. ਮੀ ਸਫਰ ਕੀਤਾ ਹੋਵੇਗਾ ਬਾਬੇ ਨੇ।

ਰਾਹ ਵਿੱਚ ਜਿੰਨੇ ਵੀ ਬੋਧੀ ਮੱਠ ਜਾਂ ਵਿਹਾਰ ਆਏ ਸਭ ਥਾਂ ਰਹਿ ਰਹਿ ਕੇ ਲਾਮਿਆਂ ਨੂੰ ਨਿਰੰਕਾਰ ਦਾ ਉਪਦੇਸ਼ ਦਿੱਤਾ ਤੇ ਦੱਸਿਆ ਕਿ ਕਿਵੇ ਕਰਮਕਾਂਡ ਤੇ ਜੰਤਰ-ਤੰਤਰ ਆਦਿ ਤੁਹਾਡੇ ਅਤੇ ਮਨੁੱਖਤਾ ਦੇ ਭਲੇ ਵਿੱਚ ਨਹੀ ਹਨ।

**ਸੁਮੇਰ ਪਰਬਤ ਦੇ ਜੋਗੀ** - ਜਦੋਂ ਗੁਰੂ ਸਾਹਿਬ ਕੈਲਾਸ਼ ਪਰਬਤ ਜਾਂ ਜੋਗੀਆਂ ਦੇ ਸੱਚਖੰਡ ਗਏ ਤਾਂ ਓਥੇ ਸੈਕੜੇ ਜੋਗੀ ਤਪੀਸ਼ਰ ਸਨਿਆਸੀ ਕੋਈ ਪੁੱਠਾ ਲਮਕਿਆ ਕੋਈ ਇੱਕ ਪੈਰ ਤੇ ਖਲੋਤਾ, ਕਿਸੇ ਨੇ ਇੱਕ ਬਾਂਹ ਉੱਚੀ ਕੀਤੀ ਹੋਈ, ਕੋਈ ਕਿਸ ਤਰਾਂ ਸਰੀਰ ਨੂੰ ਕੋਹ ਰਿਹਾ ਸੀ ਤੇ ਕੋਈ ਕਿਸੇ ਹੋਰ ਤਰੀਕੇ। ਗੁਰੂ ਸਾਹਿਬ ਦਾ ਕੋਮਲ ਹਿਰਦਾ ਇਹ ਕੁਝ ਵੇਖ ਤੜਫ ਉਠਿਆ। ਨਿਰੰਕਾਰ ਦੀ ਉਪਮਾ ਵੀ ਕੀਤੀ ਕਿ ਵੇਖ ਤੇਰੇ ਦਰਸ਼ਨਾਂ ਨੂੰ ਤੇਰੇ ਪੈਦਾ ਕੀਤੇ



ਕੈਲਾਸ਼ ਪਰਬਤ ਦੇ ਨਾਲ ਅੱਜ ਦੇ ਜਮਾਨੇ ਦੇ ਸਾਧੂਆਂ ਦੀ ਇਕ ਗੁਫਾ। ਦੂਰ ਹੋਰ ਵੀ ਗੁਫਾਵਾਂ ਅਤੇ ਘਰ ਨਜਰ ਆ ਰਹੇ ਨੇ। ਯਾਦ ਰਹੇ ਇਥੇ ਬਾਰਸ਼ ਨਹੀ ਹੁੰਦੀ। ਬਸ ਬਰਫ ਹੀ ਚੁਫੇਰਾ ਢੱਕ ਦਿੰਦੀ ਹੈ। (ਜੂਨ ਮਹੀਨੇ ਭਾਵ ਗਰਮੀਆਂ ਦੇ ਦਿਨ ਦੀ ਤਸਵੀਰ)

ਜੀਅ ਕੀ ਕੁਝ ਕਰ ਰਹੇ ਨੇ। ਸ਼ਕਾਇਤ ਵੀ ਕੀਤੀ। :

**ਇਕਿ ਸੋਗੀ ਇਕਿ ਰੋਗਿ ਵਿਆਪੇ ॥ ਜੋ ਕਿਛੁ ਕਰੇ ਸੁ ਆਪੇ ਆਪੇ ॥ ਭਗਤਿ ਭਾਉ ਗੁਰ ਕੀ ਮਤਿ ਪੂਰੀ ਅਨਹਦਿ ਸਬਦਿ ਲਖਾਈ ਹੇ ॥੧੨॥ ਇਕਿ ਨਾਗੇ ਭੂਖੇ ਭਵਹਿ ਭਵਾਏ ॥ ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ ॥ ਗਤਿ ਅਵਿਗਤ ਕੀ ਸਾਰ ਨ ਜਾਣੈ ਬੂਝੈ ਸਬਦੁ ਕਮਾਈ ਹੇ ॥੧੩॥ ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ ॥ ਇਕਿ ਅਗਨਿ ਜਲਾਵਹਿ ਦੇਹ ਖਪਾਵਹਿ ॥ ਰਾਮ ਨਾਮ ਬਿਨੁ ਮੁਕਤਿ ਨ ਹੋਈ ਕਿਤੁ ਬਿਧਿ ਪਾਰਿ ਲੰਘਾਈ ਹੇ ॥**

ਇਥੇ ਗੁਰੂ ਸਾਹਿਬ ਨਾਲ ਸਾਰੀਆਂ ਵੰਨਗੀਆਂ ਦੇ ਜੋਗੀਆਂ ਦਾ ਟਾਕਰਾ ਹੋਇਆ। ਕੋਈ ਗੋਰਖਨਾਥੀ, ਭਰਥਰੀ ਦਾ ਬੈਰਾਗੀ, ਕੋਈ ਪਾਗਲ, ਕੋਈ ਸੂਫੀ, ਕੋਈ ਰਾਵਲ, ਔਘੜ, ਕੋਈ ਚਰਪਟੀ, ਕੋਈ ਵਰਕਾਰੀ, ਕੋਈ ਸਤਨਾਥੀ ਆਦਿ ਆਦਿ।

ਗੁਰੂ ਸਾਹਿਬ ਦੇ ਨਾਲ ਜਿਹੜੇ ਜੋਗੀ ਹਿਮਾਚਲ ਚੋਂ ਗਏ ਸਨ ਲੱਗਦੈ ਓਨਾਂ ਵੀ ਕੈਲਾਸ ਦੇ ਜੋਗੀਆਂ ਨੂੰ ਦੱਸ ਦਿੱਤਾ ਹੋਵੇਗਾ ਕਿ ਗੁਰੂ ਨਾਨਕ ਨੂੰ ਕੋਈ ਸਧਾਰਨ ਵਿਅੱਕਤੀ ਨਾਂ ਸਮਝੋ। ਪਰ ਫਿਰ ਵੀ ਕੈਲਾਸ਼ ਪਰਬਤ ਦੇ ਤੰਤਰ ਵਿਦਿਆ ਦੇ ਮਾਹਿਰ ਜੋਗੀ ਬਾਜ ਨਾਂ ਆਏ ਤੇ ਤਰਾਂ ਤਰਾਂ ਦੀਆਂ ਅੜਾਉਣੀਆਂ ਗੁਰੂ ਸਾਹਿਬ ਨੂੰ ਪਾਉਦੇ ਰਹੇ। ਗੁਰੂ ਸਾਹਿਬ ਹਰ ਵਾਰੀ ਓਨਾਂ ਨੂੰ ਲਾ ਜਵਾਬ ਕਰੀ ਗਏ। ਰਿਧੀ ਸਿੱਧੀਆਂ ਵਿੱਚ ਮਾਹਿਰ ਇਨਾਂ ਜੋਗੀਆਂ ਨੇ ਗੁਰੂ



ਭਰ ਗਰਮੀ ਦੇ ਮੌਸਮ ਵਿਚ ( ਜੀ ਹਾਂ ਇਥੇ ਇਹਨੂੰ ਗਰਮੀ ਹੀ ਕਹਿੰਦੇ ਨੇ) ਤਿੱਬਤੀ ਲੋਕ ਕੈਲਾਸ਼ ਦੇ ਦਰਸ਼ਨਾਂ ਲਈ ਪਹੁੰਚੇ ਨੇ।

ਸਾਹਿਬ ਨੂੰ ਤਰਾਂ ਤਰਾਂ ਦੇ ਲਾਲਚ ਦੇ ਕੇ ਭਰਮਾਉਣਾ ਚਾਹਿਆ। ਕਦੀ ਗੁਰੂ ਸਾਹਿਬ ਦੇ ਰਾਹ ਵਿੱਚ ਹੀਰੇ ਜਵਾਹਰਾਤ ਵਿੱਛਾ ਦੇਣ, ਕਦੀ ਕੁਝ ਤੇ ਕਦੀ ਕੁਝ।

ਅਖੀਰ ਜਦੋਂ ਇਹ ਚਾਰੇ ਖਾਨੇ ਚਿੱਤ ਹੋ ਗਏ ਤਾਂ ਇਨਾਂ ਰਲ ਕੇ ਇਹ ਮਤਾ ਪਕਾਇਆ ਕਿ ਕਿਸੇ ਤਰਾਂ ਨਾਨਕ ਨੂੰ ਜੋਗ ਮਤ ਵਿੱਚ ਲਿਆਇਆ ਜਾਏ ਕਿਉਕਿ ਜੇ ਇਹ ਜੋਗੀ ਬਣ ਗਇਆ ਤਾਂ ਜੋਗਮਤ ਨੂੰ ਦੁਨੀਆ ਵਿੱਚ ਫੈਲਾ ਦੇਵੇਗਾ। ਇਸ ਤੋਂ ਬਾਦ ਇਨਾਂ ਨੇ ਗੁਰੂ ਸਾਹਿਬ ਤੇ ਇਹੋ ਜੋਰ ਪਾਉਣਾ ਸ਼ੁਰੂ ਕਰ ਦਿੱਤਾ ਕਿ ਜੇ ਤੁਸੀ ਗੁਰੂ ਧਾਰਨ ਕਰ ਲਓ ਤਾਂ ਸਾਰੀ ਦੁਨੀਆਂ ਤੁਹਾਨੂੰ ਪੂਜੇਗੀ। ਤੇ ਕਿਹਾ ਕਿ ਗੁਰੂ ਬਿਨਾਂ ਗਤਿ ਨਹੀ ਜੇ। ਹਰ ਤਰੀਕਾ ਅਜਮਾ ਕੇ ਵੇਖ ਲਿਆ ਇਨਾਂ ਨੇ। ਅਖੀਰ ਤੇ ਸਿੱਧਾਂ ਨੇ ਗੁਰੂ ਸਾਹਿਬ ਅੱਗੇ ਸੀਸ ਨਿਵਾਇਆ ਸੀ। ਇਹੋ ਕਾਰਨ ਹੈ ਗੁਰੂ ਸਾਹਿਬ ਦੀ ਪ੍ਰਸਿੱਧੀ ਤਿਬਤ ਵਿੱਚ ਫੈਲ ਗਈ।

ਖੁਸ਼ਕਿਸਮਤੀ ਨਾਲ ਗੁਰੂ ਸਾਹਿਬ ਨੇ ਇਨਾਂ ਨਾਲ ਹੋਈ ਗੱਲ ਬਾਤ ਗੁਰਬਾਣੀ ਵਿੱਚ ਦਰਜ ਕੀਤੀ ਹੈ। ਪਰ ਬਦਕਿਸਮਤੀ, ਵਕਤ ਪਾ ਕੇ ਗੁਰੂ ਸਾਹਿਬ ਦਾ ਨਾਂ ਰਿਮਪੋਚੇ ਪੱਦਮਸੰਭਵ ਨਾਲ ਰਲਗੱਡ ਹੋ ਗਇਆ ਕਿਉਕਿ ਉਹ ਵੀ ਵੱਡੇ ਪੰਜਾਬ ਦੇ ਇਲਾਕੇ ਵਿੱਚੋਂ ਹੀ ਸੀ। ਵਕਤ ਪਾ ਕੇ ਕਈ ਦੰਦ ਕਥਾਵਾਂ ਵੀ ਗੁਰੂ ਸਾਹਿਬ ਨਾਲ ਜੁੜ ਗਈਆਂ। ਕੈਲਾਸ਼ ਪਰਬਤ ਦੀ ਮਾਨਸਰੋਵਰ ਝੀਲ ਦੁਆਲੇ ਮੌਜੂਦ ਬੋਧੀ ਵਿਹਾਰਾਂ ਵਿੱਚ ਅੱਜ ਵੀ ਗੁਰੂ ਸਾਹਿਬ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ ਅਤੇ ਰਾਖਸ਼ ਤਲਾ ਦੇ ਕੰਢੇ ਤੇ ਮੌਜੂਦ ਸ਼ਪਜੀ ਮੱਠ ਵਿੱਚ ਗੁਰੂ ਸਾਹਿਬ ਦੇ ਪੱਥਰ ਤੇ ਪਦ-ਚਿੰਨ ਸੰਭਾਲੇ ਹੋਏ ਹਨ।■









ਕੁਝ ਅਜਿਹੀ ਹਾਲਤ ਵਿਚ ਹੀ ਗੁਰੂ ਸਾਹਿਬ ਨੇ ਸਾਧੂ ਵੇਖੇ ਹੋਣਗੇ ਜਦੋਂ ਉਹਨਾਂ ਦਾ ਹਿਰਦਾ ਤੜਫ ਉਠਿਆ ਸੀ। ਅਕਾਲ ਪੁਰਖ ਅੱਗੇ ਸ਼ਕਾਇਤ ਕੀਤੀ ਸੀ ਕਿ ਵੇਖ ਤੂੰ ਕਿਹੋ ਕਿਹੋ ਜਿਹੀ ਬੁੱਧ ਪਾਈ ਹੈ ਜੀਂਵਾਂ ਵਿਚ, ਵੇਖ ਕਿਵੇ ਤੜਫ ਰਹੇ ਨੇ ਮੁਕਤੀ ਪਾਉਣ ਲਈ । ਐ ਨਿਰੰਕਾਰ ਤੂੰ ਆਪਣੇ ਜੀਆਂ ਤੇ ਤਰਸ ਕਰ! ''ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥ ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ॥''

ਇਹ ਵੀ ਵੱਡੀ ਸੱਚਾਈ ਹੈ ਕਿ ਸਿੱਖ ਧਰਮ ਦੇ ਫੈਲਾਅ ਵਿੱਚ ਜੋਗੀ ਲੋਕਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

ਤਿੱਬਤ ਵਿੱਚ ਇਹ ਧਾਰਨਾ ਹੈ ਕਿ ਕੈਲਾਸ਼ ਤੇ ਰਹਿ ਕੇ ਜੋਗੀ ਸੰਨਿਆਸੀ ਆਪਣੀ ਉਮਰ ਲੰਮੀ ਕਰਨ ਲਈ ਵੀ ਉਪਾਅ ਕਰਦੇ ਸਨ ਤੇ ਕਈ ਸਾਧੂਆਂ ਦੀ ਉਮਰ ਸੈਕੜੇ ਸਾਲ ਹੁੰਦੀ ਸੀ। ਗੁਰੂ ਪਦਮਸੰਭਵ ਨੇ ਵੀ ਇਹ ਕੋਰਸ ਕੀਤਾ ਸੀ।

**ਭਾਈ ਗੁਰਦਾਸ ਨੇ ਸਾਹਿਬ ਦੀ ਸੁਮੇਰ ਫੇਰੀ ਬਾਰੇ ਬੜਾ ਖੂਬਸੂਰਤ ਲਿਖਿਆ ਹੈ:-**

ਬਾਬੇ ਡਿਠੀ ਪਿਰਥਮੀ ਨਵੈ ਖੰਡ ਜਿਥੈ ਤੱਕ ਆਹੀ॥ ਫਿਰ ਜਾ ਚੜੇ ਸੁਮੇਰ ਪਰ ਸਿਧ ਮੰਡਲੀ ਦ੍ਰਿਸ਼ਟੀ ਆਈ॥ ਚੌਰਾਸੀਹ ਸਿਧ ਗੋਰਖਾਦਿ ਮਨ ਅੰਦਰ ਗਣਤੀ ਵਰਤਾਈ॥ ਸਿਧ ਪੁੱਛਨ ਸੁਨ ਬਾਲਿਆ ਕੌਨ ਸਕਤ ਤੁਹਿ ਏਥੇ ਲਿਆਈ॥ ਹਉਂ ਜਪਿਆ ਪਰਮੇਸਰੋ ਭਾਉ ਭਗਤ ਸੰਗ ਤਾੜੀ ਲਾਈ॥ ਆਖਣ ਸਿਧ ਸੁਣ ਬਾਲਿਆ ਅਪਣਾ ਨਾਂ ਤੁਮ ਦੇਹੁ ਬਤਾਈ ॥ ਬਾਬਾ ਆਖੇ ਨਾਥ ਜੀ ਨਾਨਕ ਨਾਮ ਜਪੇ ਗਤ ਪਾਈ॥ ਨੀਚ ਕਹਾਇ ਉਚ ਘਰ ਆਈ ॥

ਜੋਗੀ ਹੈਰਾਨ ਸਨ ਕਿ ਇਹ ਗ੍ਰਿਸਤੀ ਬੰਦਾ ਇਥੇ ਕਿਵੇ ਆ ਗਇਆ ਹੈ? ਇਹਦੇ ਕੋਲ ਕਿਹੜੀ ਏਹੋ ਜਿਹੀ ਤਾਕਤ ਹੈ?

ਫਿਰ ਪੁੱਛਣ ਸਿਧ ਨਾਨਕਾ ਮਾਤ ਲੋਕ ਵਿਚ ਕਿਆ ਵਰਤਾਰਾ॥ ਸਭ ਸਿਧੀਂ ਏਹ ਬੁਝਿਆ ਕਲਿ ਤਾਰਣ ਨਾਨਕ ਅਵਤਾਰਾ॥ ਬਾਬੇ ਕਹਿਆ ਨਾਥ ਜੀ ਸੱਚ ਚੰਦ੍ਰਮਾ ਕੂੜ ਅੰਧਾਰਾ॥ ਕੂੜ ਅਮਾਵਸ ਵਰਤਿਆ ਹਉਂ ਭਾਲਣ ਚੜਿਆ ਸੰਸਾਰਾ॥ ਪਾਪ ਗਿਰਾਸੀ ਪਿਰਥਮੀ ਧੌਲ ਖੜਾ ਧਰ ਹੇਠ ਪੁਕਾਰਾ॥ ਸਿਧ ਛਪ ਬੈਠੇ ਪਰਬਤੀਂ ਕੌਣ ਜਗ ਕਉ ਪਾਰ ਉਤਾਰਾ॥ ਜੋਗੀ ਗਿਆਨ ਵਿਹੂਣਿਆਂ ਨਿਸਦਿਨ ਅੰਗ ਲਗਾਇਨ ਛਾਰਾ॥ ਬਾਝ ਗੁਰੂ ਡੁੱਬਾ ਜਗ ਸਾਰਾ ॥

ਕਈ ਕਈ ਸਾਲਾਂ ਤੋਂ ਤਾੜੀ ਲਾਈ ਬੈਠੇ ਜੋਗੀ ਫਿਰ ਗੁਰੂ ਸਾਹਿਬ ਤੋਂ ਪੁੱਛਦੇ ਹਨ ਕਿ ਦੇਸ ਦਾ ਕੀ ਹਾਲ ਹੈ? ਗੁਰੂ ਸਾਹਿਬ ਨੇ ਉਨਾਂ ਤੇ ਕਟਾਖ ਕੀਤਾ ਕਿ ਤੁਹਾਨੂੰ ਕੀ ਲੱਗੇ? ਜੇ ਤੁਸੀ ਲੋਕ ਹਿਤੈਸ਼ੀ ਹੁੰਦੇ ਤਾਂ ਲੋਕਾਂ ਵਿੱਚ ਵਿੱਚਰ ਕੇ ਉਨਾਂ ਦਾ ਉਧਾਰ ਕਰਦੇ। ਤੁਸੀ ਤਾਂ ਏਥੇ ਸਵਾਹ ਮਲ ਕੇ ਬਹਿ ਗਏ ਹੋ।

ਕਲ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ॥ ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ॥ ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤ ਮੁਖਹੁ ਅਲਾਈ॥ ਚੇਲੇ ਸਾਜ ਵਜਾਇੰਦੇ ਨੱਚਣ ਗੁਰੂ ਬਹੁਤ ਬਿਧ ਭਾਈ॥ ਸੇਵਕ ਬੈਠਨ ਘਰਾਂ ਵਿੱਚ ਗੁਰ ਉਠ ਘਰੀਂ ਤਿਨਾੜੇ ਜਾਈ॥ ਕਾਜ਼ੀ ਹੋਏ ਰਿਸਵਤੀ ਵੱਢੀ ਲੈਕੇ ਹੱਕ ਗਵਾਈ॥ ਇਸਤ੍ਰੀ ਪੁਰਖਾ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ॥ ਵਰਤਿਆ ਪਾਪ ਸਭਸ ਜਗ ਮਾਂਹੀ ॥

ਭਾਈ ਗੁਰਦਾਸ ਫਿਰ ਗੁਰੂ ਸਾਹਿਬ ਰਾਹੀ ਉਸ ਜਮਾਨੇ ਦੀ ਤਸਵੀਰ ਖਿਚਦੇ ਹਨ।

ਸਿਧੀਂ ਮਨੇ ਬਿਚਾਰਿਆ ਕਿਵ ਦਰਸਨ ਏਹ ਲੇਵੇ ਬਾਲਾ॥ ਐਸਾ ਜੋਗੀ ਕਲੀ ਮਾਹਿ ਹਮਰੇ ਪੰਥ ਕਰੇ ਉਜਿਆਲਾ॥ ਖੱਪਰ ਦਿੱਤਾ ਨਾਥ ਜੀ ਪਾਣੀ ਭਰ ਲੈਵਣ ਉਠ ਚਾਲਾ॥ ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ॥ ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝਲੇ ਗੁਰ ਦੀ ਝਾਲਾ॥ ਫਿਰ ਆਯਾ ਗੁਰ ਨਾਥ ਜੀ ਪਾਣੀ ਠਉੜ ਨਹੀਂ ਉਸ ਤਾਲਾ॥ ਸਬਦ ਜਿਤੀ ਸਿਧ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ॥ ਕਲਿਜੁਗ ਨਾਨਕ ਨਾਮ ਸੁਖਾਲਾ ॥

ਖੁਸ਼ਕਿਸਮਤੀ ਨਾਲ ਅੱਜ ਸਾਡੇ ਕੋਲ ਸ਼ੁਧ ਰੂਪ ਵਿੱਚ ਉਹ ਵਾਰਤਾਲਾਪ 'ਸਿਧ ਗੋਸ਼ਟਿ' ਮੌਜੂਦ ਹੈ ਜਿਹੜੀ ਜੋਗੀਆਂ ਨਾਲ ਸੁਮੇਰ ਪਰਬਤ ਤੇ ਹੋਈ। ਜਿਸਦਾ ਸਾਰ ਅਗਲੇ ਪੰਨਿਆਂ ਵਿੱਚ ਦਿੱਤਾ ਜਾ ਰਿਹਾ ਹੈ।

—▲—